



# ੳ

ਓਂਕਾਰ ਉਸਦਾ ਨਾਂ ਸੀ।

ਉਹ ਇਕ ਰਾਤ ਕੁਮਾਰ ਦੇ ਘਰ ਆਇਆ, ਜਿਵੇਂ ਕੋਈ ਪ੍ਰੇਤ ਆਵੇ ਹਵਾ ਵਾਂਗ ਘਰ ਦੇ ਬੂਹੇ ਵੱਲ ਵਗਦਾ। ਕੁਮਾਰ ਸਾਹਿਬ ਅਤਿਅੰਤ ਖ਼ੁਸ਼ ਸੀ ਉਸ ਨੂੰ ਮਿਲਕੇ, ਕਿਉਂਕਿ ਓਂਕਾਰ ਨੇ ਬਚਨ ਦਿੱਤਾ ਸੀ ਕਿ ਉਹ ਕੁਮਾਰ ਨੂੰ ਧਨਵਾਨ ਬਣਾਵੇਗਾ; ਬਹੁਤ ਪੈਸੇ ਮਿਲਣਗੇ, ਜੇ ਇਸ ਦੇ ਬਦਲੇ ਉਹ ਆਵਦੀ ਇਕ ਧੀ ਓਂਕਾਰ ਨੂੰ ਦੇਵੇ। ਸਿਰਫ਼ ਇਕ ਧੀ ਦੇਣੀ ਸੀ ਬੇਹੱਦ ਦੌਲਤ ਲਈ।ਇੰਝ ਤਾਂ ਹੈ ਨਹੀਂ, ਜਿਵੇਂ ਸੋਨੇ ਵਰਗਾ ਮੁੰਡਾ ਦੇਣਾ ਹੋਵੇ। ਕੁਮਾਰ ਕੋਲ਼ ਤਿੰਨ ਬੇਟੀਆਂ ਸਨ, ਕੇਵਲ ਇਕ ਪੁੱਤਰ। ਸਗੋਂ ਸਿਰ ਦਰਦੀ ਘੱਟੂਗੀ। ਪੈਸੇ ਦੇ ਲਾਲਚ ਵਿਚ ਸੌਦਾ ਮਨਜ਼ੂਰ ਸੀ। ਓਂਕਾਰ ਨੇ ਦਾਜ ਮੰਗਣ ਦੀ ਥਾਂ ਆਪ ਦਾਜ ਦੇਣਾ ਸੀ! ਘਰ ਦੀ ਕੰਗਾਲੀ ਇਕ ਪਾਪ ਨਾਲ ਮਿਟ ਜਾਣੀ ਸੀ। ਸਾਨੂੰ ਸਭ ਨੂੰ ਹੀ ਪਤਾ, ਕਿ ਲਾਲਚ ਬੁਰੀ ਬਲਾ ਹੈ।ਇਵੇਂ ਤਾਂ ਹੈ ਨਹੀਂ ਕਿ ਕੁੜੀਆਂ ਮਾਂ-ਪਿਓ ਦੀ ਹਿਫਾਜਤ, ਜਾਂ ਆਸਰਾ ਦਿੰਦੀਆਂ ਜਿਵੇਂ ਮੁੰਡੇ ਦਿੰਦੇ ਹਨ। ਇੱਦਾਂ ਤਾ ਨਹੀਂ ਜਿਵੇਂ ਪੁੱਤਰ ਘਰ ਬੈਠੇ ਭੰਗ ਖਾਂਦੇ ਹੋਣ ਅਤੇ ਆਵਦੇ ਫਰਜ ਨੂੰ ਭੁੱਲੀ ਬੈਠੇ ਹੋਣ? ਮੁੰਡੇ ਕੰਮਚੋਰ? ਇਵੇਂ ਕਦੇ ਹੋ ਸਕਦਾ? ਕੁੜੀਆਂ ਤਾਂ ਐਵੇਂ ਹੁੰਦੀਆਂ ਹਨ, ਮੁੰਡੇ ਹਮੇਸ਼ਾਂ ਕਮਾਊ ਹੁੰਦੇ ਹਨ। ਨਾਲੇ ਇੰਨ੍ਹੇ ਅਮੀਰ ਆਦਮੀ ਨਾਲ ਤਾਂ ਕੁੜੀ ਸੁਖੀ ਹੀ ਰਵੇਗੀ?

ਜਦ ਦਰਵਾਜ਼ਾ ਖੜਕਿਆ, ਕੁਮਾਰ ਨੇ ਖ਼ੁਸ਼ੀ ਨਾਲ ਬੂਹਾ ਖੋਲ੍ਹ ਕੇ ਸਭ ਤੋਂ ਨਿੱਕੀ ਧੀ ਅੱਗੇ ਕਰ ਦਿੱਤੀ। ਸੌਦੇ ਦੇ ਵੇਰਵੇ'ਚ ਸ਼ਾਦੀ ਦਾ ਸੁਆਲ ਹੀ ਨਹੀਂ ਸੀ। ਪਾਪੀ ਪੇਟ ਦਾ ਸਵਾਲ ਸੀ। ਦੁਨੀਆ ਵਿਚ ਕੋਈ ਪੁੱਤਰੀ ਨਾ ਰਹਿ ਜਾਵੇ ਪਰ ਬੇਅੰਤ ਛੜਿਆਂ ਦੀਆਂ ਫ਼ੌਜਾਂ ਤਾਂ ਹੋਣ! ਕੁਮਾਰ ਲਈ ਤਾਂ

ਕੁੜੀ ਦਾ ਮੁੱਲ ਨਹੀਂ ਸੀ।ਲੜਕੀ ਤਾਂ ਮਾਂ-ਪਿਓ ਲਈ ਵਿਘਨ ਬੋਝ ਹੈ। ਇਸ ਸੋਚ ਨਾਲ ਕੁਮਾਰ ਨੇ ਆਵਦਾ ਮਨ ਹਲਕਾ ਪਹਿਲਾਂ ਹੀ ਕਰ ਲਿਆ ਸੀ।

ਉਂਝ ਮੁੰਡਾ ਤਾਂ ਸੱਤਵੀਂ ਵਾਰੀ ਮਿਲਿਆ। ਛੇ ਕੁੜੀਆਂ ਹੋਈਆਂ, ਪਰ ਤਿੰਨ ਕੁੱਖ'ਚੋਂ ਨਿਕਲਦੀਆਂ ਮਾਰ ਦਿੱਤੀਆਂ। ਮੁੰਡਾ ਤਾਂ ਹਾਲੇ ਪੰਜ ਵਰ੍ਹਿਆਂ ਦਾ ਸੀ। ਵੀਹ ਸਾਲਾਂ ਲਈ ਕੁਮਾਰ ਦੀ ਕੋਸ਼ਿਸ਼ ਸੀ ਇਕ ਪੁੱਤਰ ਪੈਦਾ ਕਰਨ ਦੀ। ਪਰ ਰਬ ਤਾਂ ਕੁੜੀ ਉੱਤੇ ਕੁੜੀ ਹੀ ਭੇਜੀ ਗਿਆ! ਇਸ ਦੇ ਹੱਲ ਲਈ ਪੰਡਤ ਤੋਂ ਸਲਾਹ ਲਈ। "ਭਗਵਾਨ ਤੈਨੂੰ ਮੁੰਡਾ ਦਊਗਾ ਜੇ ਤੂੰ ਨ੍ਹਾਉਂਗਾ ਨਹੀਂ"। ਸ਼ੰਕਰ ਹੋਣ ਤਕ ਕੁਮਾਰ ਨ੍ਹਾਇਆ ਨਹੀਂ।

ਸਾਰੇ ਪਿੰਡ ਵਿਚ ਲੋਕ ਉਸਦਾ ਮਖੌਲ ਉਡਾਉਂਦੇ ਸੀ, ਪਰ ਉਸਨੂੰ ਕੋਈ ਪਰਵਾਹ ਨਹੀਂ ਸੀ। ਵਹੁਟੀ ਨੂੰ ਵੀ ਮਜ਼ਬੂਰੀ ਵੱਸ ਇਸ ਹਾਲ ਵਿਚ ਉਸਦੀ ਸਾਂਝੀਵਾਲ ਬਣਕੇ ਉਸਨੂੰ ਖ਼ੁਸ਼ ਰੱਖਣਾ ਪਿਆ ਸੀ। ਪੱਕਾ ਸੀ ਕਿ ਭਗਵਾਨ ਉਸਨੂੰ ਮੁੰਡਾ ਦੇਵੇਗਾ। ਵੱਡੀ ਕੁੜੀ ਦਾ ਨਾਂ ਵਿੱਦਿਆ ਸੀ। ਉਸ ਤੋਂ ਬਾਅਦ ਆਈ ਰੀਟਾ। ਰੀਟਾ ਹੋਣ ਤੋਂ ਬਾਅਦ ਪੰਡਤ ਨਾਲ ਗੱਲ ਹੋਈ। ਫਿਰ ਤੀਜੀ ਧੀ, ਸੀਮਾ ਹੋਈ। ਸੀਮਾ ਕਿਸਮਤ ਵਾਲੀ ਸੀ ਕਿਉਂਕਿ ਹਾਲੇ ਤੱਕ ਸਾਇੰਸ ਦਾ ਕਮਾਲ, ਇਲਮ ਦਾ ਸਭ ਤੋਂ ਵੱਡਾ ਅਜੂਬਾ, ਸਕੈਂਨਰ, ਚਮੋਲੀ, ਉੱਤਰਾਖਾਂਡ ਤੱਕ ਅੱਪੜ ਕੇ ਕਿੱਲਾ ਨਹੀਂ ਗੱਡ ਸਕਿਆ ਸੀ। ਇਸ ਦਾ ਜਾਦੂ ਸੀ ਕਿ ਜਨਮ ਤੋਂ ਪਹਿਲਾਂ ਕਾਕੀ ਦਾ ਪਤਾ ਲੱਗ ਜਾਂਦਾ ਸੀ। ਕਈ ਡਾਕਟਰ ਖ਼ੁਸ਼ ਸਨ ਪੈਸੇ ਲੈ ਕੇ ਭਰੂਣ ਦਾ ਕਤਲ ਕਰਨ ਲਈ। ਕੁਮਾਰ ਨੇ ਦੋ ਵਾਰੀ ਪੈਸੇ ਦੇ ਕੇ ਇਸ ਤਰ੍ਹਾਂ ਧੀਆਂ ਮਰਵਾਈਆਂ। ਇਕ ਨੂੰ ਉਨ੍ਹੇ ਖੁਦ ਗਲ਼ ਉੱਤੇ ਅੰਗੂਠਾ ਲਾ ਕੇ ਖਤਮ ਕਰ ਦਿੱਤਾ।

ਕੁਮਾਰ ਨੇ ਤਿੰਨਾਂ ਨੂੰ ਪੁਛਿਆ, ਕੌਣ ਓਂਕਾਰ ਨਾਲ ਵਿਆਹ ਕਰਨ ਲਈ ਤਿਆਰ ਹੈ? ਵਿੱਦਿਆ ਦੀ ਖ਼ਾਹਸ਼ ਸੀ ਪੈਸੇ ਵਾਲੇ ਨਾਲ ਫੇਰੇ ਲੈਣ ਦੀ ਪਰ ਇਸ ਤਰੀਕੇ ਨਾਲ ਨਹੀਂ ਅਤੇ ਉਸ ਨੇ ਸੁਣਿਆ ਓਂਕਾਰ ਤਾਂ ਬੁੱਢਾ ਸੀ। ਰੀਟਾ ਬਾਪੂ ਨੂੰ ਖ਼ੁਸ਼ ਕਰਨ ਤੋਂ ਪਹਿਲਾਂ ਖੂਹ'ਚ ਛਾਲ ਮਾਰਨ ਲਈ ਤਤਪਰ ਸੀ; ਉਸਨੇ ਕਿਹਾ ਸੀ "ਬਿਲਕੁਲ ਨਹੀਂ!"। ਕੁਮਾਰ ਕਾਵੜ ਗਿਆ, ਪਰ ਸੀਮਾ (ਜਿਸ ਨੂੰ ਪਿਤਾ ਨਾਲ ਬਹੁਤ ਡੂੰਘਾ ਪਿਆਰ ਸੀ, ਬਾਬਲ ਨੂੰ ਇਸ ਹਾਲ ਵਿਚ ਵੇਖ ਨਹੀਂ ਸੀ ਸਕਦੀ) ਨੇ ਬਾਪ ਨੂੰ ਇਸ਼ਾਰਾ ਦੇ ਦਿੱਤਾ ਸੀ ਕਿ ਵਿਆਹ ਕਬੂਲ ਸੀ। ਉਂਝ ਬਾਪ ਤਾਂ ਕੋਈ ਫਰਿਸ਼ਤਾ ਨਹੀਂ ਸੀ। ਇਕ ਵਾਰੀ ਧੀਆਂ ਦਾ ਬੋਝ ਘਟਾਉਣ ਲਈ ਉਨ੍ਹੇ ਸੀਮਾ ਨੂੰ ਜੰਗਲ'ਚ ਛੱਡ ਦਿੱਤਾ ਸੀ, ਪਰ ਮਾਂ ਨੇ ਚੁਕ ਕੇ ਵਾਪਸ ਘਰ ਲਿਆਂਦੀ। ਇਸ ਲਈ ਜਦ ਕੁਮਾਰ ਨੇ ਵੇਖਿਆ ਸੀਮਾ ਨੇ ਰੋਸ ਨਹੀਂ ਸੀ ਦਿਖਾਇਆ, ਹੁਣ ਉਹਨੂੰ ਦਰ ਅੱਗੇ ਕਰਨਾ ਜ਼ਿਆਦਾ ਮੁਸ਼ਕਿਲ ਨਹੀਂ ਸੀ। ਮਾਂ ਨੂੰ ਤਾ ਦੁਖ ਲੱਗਿਆ, ਪਰ ਉਹ ਕੀ ਕਰ ਸਕਦੀ ਸੀ? ਉਸ ਨੂੰ ਤਾਂ ਆਵਦੀ ਬਾਲੜੀ ਨਾਲ ਪ੍ਰੇਮ ਸੀ। ਪਰ ਇਹ ਹੈ ਇੰਡਿਆ, ਅਤੇ ਇਸ ਇਕ ਪਾਪ ਨਾਲ ਵਿੱਦਿਆ ਅਤੇ ਰੀਟਾ ਦੀਆਂ ਸ਼ਾਦੀਆਂ ਹੋ ਸਕਦੀਆਂ ਸਨ। ਉਂਝ ਅੰਦਰੋਂ ਕਾਵੜ ਨਾਲ ਮਾਂ ਦੀ ਰੱਤ ਪਈ ਸੜਦੀ ਸੀ। ਓਂਕਾਰ ਨੂੰ ਵਿਹੰਦੀ ਮਾਂ ਪਿੱਛੇ ਹੋ ਗਈ, ਹੱਥ ਮੂੰਹ ਉਪਰ, ਨੈਣ ਹੈਰਾਨ, ਖੌਫ਼ ਨਾਲ। ਇਹ ਕਿਹੜਾ ਆਭਾਸ ਸੀ ਭਿਆਨਕ ਸੁਪਨੇ ਵਿੱਚੋਂ? ਭੈਣਾਂ ਵੀ ਸਹਿਮ ਗਈਆਂ, ਬੇਗਾਨੇ ਬੰਦੇ ਨੂੰ ਵੇਖ ਕੇ। ਪਿਓ ਨੇ ਓਂਕਾਰ ਬਾਰੇ ਦੱਸਿਆ ਸੀ, ਪਰ ਪਹਿਲੀ ਵਾਰੀ ਟੱਬਰ ਨੇ ਉਸਨੂੰ ਤੱਕਿਆ। ਸੀਮਾ ਵੀ ਡਰ ਗਈ। ਪਰ ਕੀ ਕਰ ਸਕਦੀ ਸੀ? ਇਹ ਆਦਮੀ ਹੁਣ ਉਸਦਾ ਮਾਲਿਕ ਸੀ। ਕੁੜੀ ਨੂੰ ਕੁਰਬਾਨ ਕਰ ਦਿੱਤਾ ਸੀ, ਪੈਸਿਆਂ ਲਈ।

ਸੀਮਾ ਧਿਆਨ ਨਾਲ ਓਂਕਾਰ ਦੀਆਂ ਅੱਖਾਂ ਵਿੱਚ ਝਾਕੀ। ਖਬਰੇ ਰਾਤ ਦੀ ਗੱਲ ਸੀ, ਪਰ ਹਨੇਰੇ ਵਿੱਚ ਆਨੇ ਪੀਲੇ ਜਾਪਦੇ ਸਨ, ਧੀਰੀਆਂ ਰਾਤ ਤੋਂ ਵੀ ਕਾਲੀਆਂ, ਪਰ ਕੱਚ ਵਾਂਗ ਲਿਸ਼ਕ ਦੀਆਂ। ਕੀ ਪਤਾ ਘਰ ਦੇ ਦਰਵਾਜ਼ੇ'ਚੋਂ ਬਾਹਰ ਡਿੱਗਦੀ ਰੋਸ਼ਨੀ ਸੀਮਾ ਨੂੰ ਭੁਲੇਖੇ 'ਚ ਪਹੁੰਦੀ ਸੀ?

ਮੁਖੜਾ ਕਹੀ ਵਾਂਗ ਉਪਰੋਂ ਚੌੜਾ, ਹੇਠੋਂ ਸੌੜਾ ਸੀ, ਨੱਕ ਇੱਲ ਵਰਗਾ ਤਿੱਖਾ ਸੀ। ਉਂਝ ਅੱਖਾਂ ਵੀ ਉਕਾਬੀ ਸਨ, ਜਿਵੇਂ ਧੀਰੀਆਂ ਢਾਲ ਅੰਗੋਂ ਕੋਈ ਸ਼ਰਾਰਤ ਲੁਕਾਉਂਦੀਆਂ ਸਨ। ਹੋਠ ਚਿਣਕੇ ਸਨ; ਆਲੇ ਦੁਆਲੇ ਮੁੱਛ ਨਹੀਂ ਸੀ, ਪਰ ਠੋਡੀ ਉੱਤੇ ਸੰਗਤਰੀ ਵਾਲ ਸਨ, ਜਿਹੜੇ ਕੰਨਾਂ ਤੱਕ ਚੜ੍ਹਦੇ ਸੀ, ਜਿਵੇਂ ਕਾਢਾ ਚੜ੍ਹਦਾ ਹੁੰਦਾ। ਦਰਅਸਲ ਦਾੜ੍ਹੀ ਨਿਰਾਲੀ ਸੀ। ਜਮ੍ਹਾਂ ਨਾਰੰਗੀ ਸੀ, ਉਂਝ ਵਿਚ ਵਿਚ ਕਾਲੀਆਂ ਰੇਖਾਂ ਸਨ।ਗੱਲ੍ਹਾਂ ਕੋਲ ਦਾੜ੍ਹੀ ਦੂਧੀ ਸੀ। ਸੀਸ ਉੱਤੇ ਵਾਲ ਵੀ ਸੰਗਤਰੀ ਰੰਗੇ ਸਨ, ਇਧਰ ਉਧਰ ਕਾਲੀਆਂ ਕਾਲੀਆਂ ਲੀਕਾਂ ਸਨ। ਸਿਰ ਟੋਪੀ ਨਾਲ ਢਕਿਆ ਕਰਕੇ ਸਾਫ਼ ਦਿੱਸਦਾ ਨਹੀਂ ਸੀ। ਟੋਪੀ ਵੀ ਫਰੰਗੀ ਸ਼ੈਲੀ ਦੀ ਸੀ। ਸਲੇਟੀ ਫਲੈਟ ਕੈਪ।ਲੀੜੇ ਵੀ ਸਲੇਟੀ ਸਨ। ਜਿੰਨਾ ਚੇਹਰਾ ਦਿੱਸਦਾ ਸੀ, ਇਸ ਤਰਾਂ ਦਾ ਅਜੀਬ ਸੀ। ਮੂੰਹ ਉੱਤੇ ਝੁਰੜੀਆਂ ਤਾਂ ਦਿਸਦੀਆਂ ਨਹੀਂ ਸੀ। ਪਰ ਫਿਰ ਵੀ ਆਦਮੀ ਜੁੱਲੜ ਲੱਗਦਾ ਸੀ। ਖਿਸ ਕੇ ਪਿੱਛੇ ਹੋ ਗਈ...ਪਰ ਬਾਪ ਨੇ ਅੱਗੇ ਕਰ ਦਿੱਤੀ, ਓਂਕਾਰ ਵੱਲ।

ਸੀਮਾ ਨੇ ਪਿੱਛੇ, ਆਪਣਿਆਂ ਵੱਲ ਇਕ ਆਖ਼ਰੀ ਝਾਤ ਮਾਰੀ। ਰੱਬ ਜਾਣੇ ਕਦ ਫਿਰ ਟੱਬਰ ਵੇਖੂਗੀ। ਜੇ ਕਦੇ ਓਂਕਾਰ ਵਾਪਸ ਵੀ ਲਿਆਇਆ। ਸੌਦੇ ਤੋਂ ਸ਼ੱਕ ਸੀ ਕਿ ਵਾਪਸੀ ਹੋਣੀ ਨਹੀਂ। ਓਂਕਾਰ ਨੇ ਸੀਮਾ ਨੂੰ ਆਪਣੇ ਪਹੁੰਚਿਆਂ ਵਿਚ ਫੜ ਲਿਆ। ਚਮੋਲੀ ਤੋਂ ਲੈ ਗਿਆ, ਰਾਤ ਦੇ ਚੋਗੇ ਵਿਚ, ਇਕ ਸਾਇਆ। ਸੀਮਾ ਨੂੰ ਅਨ੍ਹੇਰੀ ਹੜੱਪ ਕੇ ਹਜ਼ਮ ਕਰ ਗਈ॥

**ਅ**

ਆਵਦੇ ਡਰ ਨੂੰ ਕਾਬੂ ਕਰਕੇ ਸੀਮਾ ਓਂਕਾਰ ਨਾਲ ਉਸਦੀ ਵੈਨ ਵਿਚ ਬਹਿ ਗਈ। ਚੁੱਪ ਚਾਪ ਘਰੋਂ ਕੁੜੀ ਨੂੰ ਲੈ ਗਿਆ।ਵੈਨ ਸੜਕਾਂ ਉੱਤੇ ਜੰਗਲਾਂ ਦੇ ਕੋਲੇ ਚਲੀ ਗਈ। ਇਹ ਅਸਲ ਵਿਚ ਸਿਰਫ ਵੈਨ ਨਹੀਂ ਸੀ, ਪਰ ਟ੍ਰੇਲਰ, ਜਿਸ ਵਿਚ ਪਲੰਘ, ਮੇਜ਼ ਅਤੇ ਖੁਰਾ ਸੀਮਾ ਨੂੰ ਦਿੱਸਦੇ ਸੀ।

ਓਂਕਾਰ ਦੀ ਵੈਨ ਖਾਸੀ ਚੌੜੀ ਸੀ ਅਤੇ ਡੂੰਘੀ ਵੀ ਬਹੁਤ। ਟਰੱਕ ਜਿੱਡੀ ਸੀ, ਚਾਰ ਪਹੀਆਂ ਉੱਤੇ ਚਲਦਾ ਫਿਰਦਾ ਮਕਾਨ। ਇਸ ਦੇ ਇਕ ਪਾਸੇ ਇਕ ਵੱਡਾ ਤਾਕ ਸੀ। ਇਸ ਤੋਂ ਛੁੱਟ ਡਰਾਈਵਰ ਦੇ ਪਾਸੇ ਬੂਹਾ ਸੀ, ਨਾਲੇ ਸਵਾਰੀ ਦੇ। ਕਮਰੇ ਵਿਚ ਇਕ ਬਾਹਾਂ ਵਾਲੀ ਕੁਰਸੀ ਸੀ, ਅਤੇ ਇਕ ਸੋਫਾ ਵੀ। ਡਰਾਈਵਰ ਦੇ ਪਾਸਿਓਂ ਪਿੱਛੇ ਝਾਕ ਮਾਰੋ, ਤਾਂ ਕੁਰਸੀਆਂ ਅਤੇ ਮੇਜ਼ ਸੱਜੇ ਪਾਸੇ ਸਨ, ਖੱਬੇ ਪਾਸੇ ਸਾਰੀ ਕੰਧ ਅਲਮਾਰੀਆਂ ਨਾਲ ਢਕੀ ਸੀ। ਅਲਮਾਰੀਆਂ ਵਿਚਾਲੇ ਦੋ ਬਾਰੀਆਂ ਸਨ, ਅਤੇ ਇਕ ਖਾਨਾ ਜਿਸ ਵਿਚ ਟੀਵੀ ਰੱਖਿਆ ਸੀ। ਸੋਫੇ ਦੇ ਇਕ ਪਾਸੇ ਫਰਿਜ ਵੀ ਸੀ। ਸੀਮਾ ਨੂੰ ਇਹ ਸਭ ਉਲਟਾ ਪੁਲਟਾ ਦਿੱਸਿਆ ਕਿਉਂਕਿ ਉਸਨੇ ਸਵਾਰੀ ਦੇ ਪਾਸਿਓਂ ਅੰਦਰ ਵੜਦਿਆਂ ਡਰਾਈਵਰ ਦੇ ਪਿੱਛੇ ਤੱਕਣ ਵਾਲੇ ਸ਼ੀਸ਼ੇ'ਚੋਂ ਦੇਖਿਆ ਸੀ। ਜਦ ਬੈਠ ਗਈ, ਉਸਦੀ ਨਜ਼ਰ ਓਂਕਾਰ ਉੱਤੇ ਰਹੀ। ਓਂਕਾਰ ਦੇ ਮਗਰ ਅੱਖ ਗਈ, ਜਿਉਂ ਓਹ ਸੀਮਾ ਦੇ ਸਾਮਾਨ ਨੂੰ ਕਿਤੇ ਪਿੱਛੇ ਵੈਨ ਵਿਚ ਰੱਖਦਾ ਸੀ। ਫਿਰ ਬੋਲਣ ਤੋਂ ਬਿਨਾਂ ਆਵਦੀ ਸੀਟ ਉੱਤੇ ਆ ਬਹਿ ਗਿਆ। ਇਸ ਤਰਾਂ ਚੁੱਪ ਚਾਪ, ਜਿਵੇਂ ਅਸੀਂ ਪਹਿਲਾਂ ਤਾੜਿਆ, ਜੰਗਲਾਂ ਦੇ ਕੋਲ ਸੜ੍ਹਕਾਂ ਉੱਤੇ ਵੈਨ ਚਲੀ ਗਈ।

ਸੀਮਾ ਓਂਕਾਰ ਵੱਲ ਚੋਰੀ ਚੋਰੀ ਝਾਕ ਲੈਂਦੀ ਸੀ। ਇੰਨਾ ਨੇੜਿਓਂ ਮੂੰਹ ਵੱਧ ਡਰਾਉਣਾ ਲੱਗਦਾ ਸੀ। ਇਕ ਖਿਨ ਲੱਗਿਆ ਜਿਵੇਂ ਸ਼ੇਰ ਦੀ ਸੂਰਤ ਸੀ। ਪਰ ਹਨੇਰੇ ਵਿਚ ਉਸ ਰੜੀ ਸੜ੍ਹਕ ਉੱਤੇ ਰੂਹ ਧੋਖਾ ਵੀ ਖਾ ਸੱਕਦੀ ਸੀ। ਅਕਸਰ ਨਜ਼ਰ ਅੱਗੇ ਹੀ ਰੱਖੀ। ਇਕ ਦੋ ਵਾਰੀ ਹੋਰ ਗਡੀਆਂ ਜਾਂ ਟੱਰਕ ਲੰਘੇ, ਉਨ੍ਹਾਂ ਦੇ ਹਾਰਨ ਹਵਾ'ਚੋਂ ਭੇੜੀਆਂ ਵਾਂਗ ਹੂਕਰਦੇ। ਇਕ ਵਾਰੀ ਪੈਟਰੋਲ ਸਟੇਸ਼ਨ 'ਤੇ ਤੇਲ ਲਈ ਰੁਕੇ ਸਨ। ਇਸ ਤੋਂ ਇਲਾਵਾ ਕੋਈ ਹੋਰ ਇਨਸਾਨ ਨਹੀਂ ਮਿਲਿਆ ਵੇਖਿਆ ਚਾਰ ਘੰਟਿਆਂ ਲਈ। ਫਿਰ ਇਕ ਢਾਬੇ 'ਤੇ ਰੁਕੇ। ਓਂਕਾਰ ਨੇ ਇਸ਼ਾਰੇ ਨਾਲ ਸੀਮਾ ਨੂੰ ਬਾਹਰ ਆਉਣ ਲਈ ਆਹਿਆ।

ਸੀਮਾ ਚੁੱਪ ਚਾਪ ਬਾਹਰ ਖਲੋਈ। ਵਣ ਵਿੱਚੋਂ ਟਿੱਡੀਆਂ ਲਗਾਤਾਰ "ਚਿਰ ਚਿਰ" ਕਰਦੀਆਂ ਸਨ; ਉੱਲੂ "ਭੂੰ ਭੂੰੂ" ਕਰਦੇ, ਪੰਛੀ ਗੁਣ ਗੁਣਾਂਦੇ ਅਤੇ ਬਾਂਦਰ "ਬੜ ਬੜ" ਕਰਦੇ। ਜੰਗਲ ਦਾ ਸਾਰਾ ਸਾਜ਼ ਸਮੂਹ ਸੁਣਦਾ ਸੀ। ਢਾਬੇ ਵਿੱਚੋਂ ਵੀ ਗੀਤ ਸੰਗੀਤ ਆਉਂਦਾ ਸੀ। ਸੀਮਾ ਦੇ ਕੰਨ ਭਰ ਗਏ ਮੁਹੰਮਦ ਰਫੀ ਦੇ ਮਿੱਠੇ ਮਿੱਠੇ ਸੁਰ ਨਾਲ। ਗਾਣਾ ਸੀ, " ਚੌਧਵੀਂ ਕਾ ਚਾਂਦ"।ਨਗਮਾ ਤਾਂ ਕੰਨਾਂ ਲਈ ਮਲੂਮ ਸੀ, ਪਰ ਜੁੱਟ ਜੋੜਾ ਅਣਜੋੜ ਸੀ। ਓਂਕਾਰ ਸੀਮਾ ਨੂੰ ਅੰਦਰ ਲੈ ਗਿਆ। ਸੀਮਾ ਦੇ ਸਾਹਮਣੇ ਬੈਠਾ ਹੁਣ ਢਾਬੇ ਦੇ ਚਾਨਣ'ਚ ਸਾਫ਼ ਦਿੱਸਦਾ ਸੀ। ਮੁਖੜਾ ਖੋਸੜੇ ਵਾਂਗ ਅਤੇ ਵਿਕਰਾਲ ਸੀ। " ਬਾਪੂ ਨੇ ਤਾਂ ਮੈਨੂੰ ਬਾਬੇ ਹੱਥ ਫੜਾ ਦਿੱਤਾ!", ਸੀਮਾ ਸੋਚ ਸੋਚ ਕੇ ਫਿਕਰ'ਚ ਪੈ ਗਈ। ਇਸ ਬੰਦੇ ਦੇ ਇਰਾਦੇ ਕੀ ਸਨ? ਮੇਰੇ ਨਾਲ ਵਿਆਹ ਕਰਨਾ? ਮੈਨੂੰ ਵੇਚਣਾ? ਨੌਕਰਾਣੀ ਬਣਾਉਣਾ ਜਾਂ ਰਖੇਲ ਬਣਾਉਣਾ! ਯਾਦ ਨਾ ਭੁੱਲੀਂ, ਪਿਤਾ ਜੀ ਨੂੰ ਪੈਸੇ ਮਿਲੇ ਹਨ! ਸੀਮਾ ਦੀਆਂ ਸੋਚਾਂ ਦੀ ਲੜੀ ਓਂਕਾਰ ਦੀ ਆਵਾਜ਼ ਨੇ ਤੋੜ ਦਿੱਤੀ।

" ਹਾਂ ਜੀ ਸੀਮਾ, ਤੂੰ ਕੀ ਖਾਣਾ ਚਾਹੁੰਦੀ ਏ?"। ਮੇਜ਼ ਦੇ ਨਾਲ ਖਾਨਸਾਮਾ ਖੜਾ ਸੀ, ਉਸਦਾ ਢਿੱਡ, ਬਨੈਣ'ਚੋਂ ਲਮਕਦਾ ਸੀ। ਸੀਮਾ ਓਂਕਾਰ ਦਾ ਬੋਲ ਸੁਣ ਕੇ ਹੈਰਾਨ ਹੋ ਗਈ। ਇਸ ਡਰਾਉਣੇ ਬੁੱਢੇ ਦੇ ਮੂੰਹ'ਚੋਂ ਇੰਨੀ ਮਿੱਠੀ ਅਵਾਜ਼? ਜਿਵੇਂ ਕੋਈ ਦੇਵਤਾ ਉਸ ਉੱਤੇ ਡੋਰੇ ਸੁੱਟਦਾ ਹੋਵੇ? ਇਹ ਕਿਹੜੀ ਕੁਦਰਤ ਦੀ ਖੇਡ ਸੀ? ਸੀਮਾ ਨੇ ਅੱਖਾਂ ਮੀਟ ਲਈਆਂ। ਕੀ ਪਤਾ ਜੇ ਉਸ ਨੂੰ ਦੇਖ ਨਾ ਸਕੀ, ਦਿਨ ਸਹਾਰ ਲੇਵੇਗੀ?

" ਸੀਮਾ। ਭੁੱਖ ਤਾਂ ਹੁਣ ਲੱਗੀ ਹੋਵੇਗੀ?। ਪਰੌਂਠੇ ਖਾਣੇ ਨੇ?", ਸੀਮਾ ਨੇ ਕੋਈ ਜਵਾਬ ਨਾ ਦਿੱਤਾ। ਓਂਕਾਰ ਨੇ ਉਸ ਲਈ ਆਡਰ ਦੇ ਦਿੱਤਾ।

" ਤੁਸੀਂ ਜਨਾਬ?", ਖ਼ਾਨਸਮਾਮੇ ਨੇ ਪੁੱਛਿਆ।

" ਸਿਰਫ਼ ਪਾਣੀ ਦਾ ਗਲਾਸ ਲੈਣਾ। ਮੈਂ ਕਦੀ ਨਹੀਂ ਰਾਤ ਨੂੰ ਖਾਂਦਾ", ਹੱਥ ਦੇ ਹੁਲਾਰੇ ਨਾਲ ਸੈਣਤ ਕਰ ਦਿੱਤੀ। ਜਦ ਓਨ੍ਹੇ ਮੁੜ ਕੇ ਦੇਖਿਆ, ਸੀਮਾ ਨੇ ਹਾਲੇ ਵੀ ਅੱਖਾਂ ਮੀਟੀਆਂ ਹੋਈਆਂ ਸਨ। ਓਂਕਾਰ ਨੇ ਪੁਛਿਆ, " ਤੂੰ ਕੀ ਸੋਚਦੀ ਏਂ?"। ਇਕ ਦਮ ਸੀਮਾ ਨੇ ਨੈਣ ਖੋਲ੍ਹ ਕੇ ਉਸਦੇ ਮੁਖ ਵੱਲ ਵੇਖਦੇ ਆਵਦੇ ਸਜਾਏ ਹੋਏ ਖਾਬ ਸੱਧਰ ਉੱਡਾ ਦਿੱਤੇ। ਸਾਹਮਣੇ ਬੈਠਾ ਹੈਵਾਨ ਦੰਦ ਕੱਢਕੇ ਹੁਸਨ ਵੱਲ ਧਿਆਨ ਨਾਲ ਵੇਹੰਦਾ ਸੀ। " ਨੀਂਦਰ ਆਈ ਲੱਗਦੀ ਏ। ਅੱਧੀ ਰਾਤ ਤਾਂ ਹੈ। ਖਾਣ ਤੋਂ ਬਾਅਦ ਸੰੋ ਜਾਵੀਂ। ਉਂਝ ਮੈਂ ਦਿਨੇ ਟ੍ਰੇਲ਼ਰ'ਚ ਨਹੀਂ ਹੁੰਦਾ, ਬਿਹਤਰ ਹੈ ਤੂੰ ਦਿਨੇ ਸੌਂਵੀਂ, ਰਾਤ ਮੈਨੂੰ ਸਾਥ ਦੇ। ਫਿਕਰ ਨਾ ਕਰ, ਤੇਰਾ ਸਹਿੰਦੜ ਟੱਬਰ ਹੁਣ ਸੈੱਟ ਹੈ। ਉਦਾਸ ਨਾ ਹੋ। ਮੈਂ ਤੇਰੀ ਹਰੇਕ ਆਸ ਪੂਰੀ ਕਰਦੂੰਗਾ"। ਹਾਏ! ਦਿੱਸਦਾ ਇਸੇ ਉਮਰ ਦਾ ਹੈ, ਸੁਣਦਾ ਗਭਰੂ ਹੈ! ਆਵਾਜ਼ ਸੁੱਚੀ, ਚੇਹਰਾ ਬੇਹਾ!

" ਮੇਰੀ ਖਾਹਸ਼ ਹੈ ਤੂੰ ਮੈਨੂੰ ਘਰ ਵਾਪਸ ਲੈ ਕੇ ਜਾ, ਨਹੀਂ ਤਾਂ ਮੈਂ ਇਸੇ ਥਾਂ ਚੀਕ ਕੇ ਕਹਿਣਾ ਤੂੰ ਮੈਨੂੰ ਜਬਰਦਸਤੀ ਲੈ ਕੇ ਭੱਜਿਆ ਏਂ", ਸੀਮਾ ਨੇ ਉਸਨੂੰ ਉਤਰ ਦਿੱਤਾ।

" ਪਰ ਇਹ ਤਾਂ ਝੂੱਠ ਹੈ। ਮੇਰੇ ਕੋਲ ਪੱਰੂਫ ਹੈ ਤੇਰੇ ਬਾਪੂ ਨੇ ਖੁਦ ਤੈਨੂੰ ਮੇਰੇ ਹੱਥ ਦਿੱਤਾ। ਠੀਕ ਸਾਬਤ ਕਰਨ ਦੀ ਲੋੜ ਨਹੀਂ ਹੈ"।
" ਉਫ਼! ਤੁਹਾਡੀ ਨੀਅਤ ਕੀ ਹੈ? ਕੋਈ ਗੱਲਤ..."
"...ਮੈ ਕੋਈ ਪੁੱਠਾ ਕੰਮ ਨਹੀਂ ਕਰਨਾਂ। ਬੇਫਿਕਰ ਰਹਿ। ਤੇਰੇ ਬਾਪੂ ਨੇ ਮੈਤੋਂ ਚੋਰੀ ਕੀਤੀ ਸੀ। ਖਾਣਾ ਨਹੀਂ, ਪੈਸੇ ਨਹੀਂ। ਗਰੀਬ ਬੰਦੇ ਨੂੰ ਇਹ ਗੱਲਾਂ ਤਾਂ ਮੈਂ ਮਾਫ਼ ਕਰ ਸਕਦਾ ਹਾਂ। ਉਨ੍ਹੇ ਇਕ ਕੀਮਤੀ ਚੀਜ਼ ਖੋਹੀ ਸੀ। ਕਹਿੰਦਾ ਸੀ ਆਵਦੀ ਨਿੱਕੀ ਧੀ ਲਈ। ਤਰਸ ਆ ਗਿਆ ਉਸਦੇ ਹਾਲ 'ਤੇ। ਉਸ ਦੇ ਦੋਸ਼ ਦੀ ਸਜ਼ਾ ਲਈ ਮੈਂ ਇਕ ਗੱਲ ਆਖੀ। ਜੇ ਆਵਦੀਆਂ ਧੀਆਂ'ਚੋਂ ਇਕ ਮੈਨੂੰ ਦੇਵੇਂ, ਮੇਰੇ ਸਾਥ ਲਈ, ਮੈਂ ਵਾਇਦਾ ਕਰਦਾਂ ਕਿ ਉਸਨੂੰ ਗਰੀਬੀ'ਚੋਂ ਕੱਢ ਦੇਵਾਂਗਾ। ਉਸ ਧੀ ਨੂੰ ਕੋਈ ਹੱਥ ਨਹੀਂ ਲਾਵੇਗਾ। ਸਾਥ ਚਾਹੀਦਾ ਹੈ"।
" ਕੀ ਗੱਲ ਤੇਰੇ ਕੋਲੇ ਕੋਈ ਬੇਲੀ ਨਹੀਂ?",
" ਨਹੀਂ। ਮੈਂ ਇਕ ਥਾਂ'ਤੇ ਕਦੀ ਨਹੀਂ ਟਿਕਦਾ। ਟ੍ਰੇਲ਼ਰ'ਚ ਰਹਿੰਦਾ ਹਾਂ"।
" ਕੁੜੀ ਕਿਉਂ ਮੰਗੀ? ਮੈਨੂੰ ਕੀ ਪਤਾ ਬਈ ਤੂੰ ਗੰਦਾ ਮਰਦ ਨਹੀਂ?",
" ਸੱਚ ਹੈ, ਤੇਰੇ ਬਾਪ ਨੇ ਆਵਦੀ ਸਾਰੀ ਕੰਗਾਲੀ ਧੀਆਂ ਉੱਤੇ ਲਾਈ", ਜਵਾਬ ਆਇਆ।
ਦੋਨੋਂ ਚੁੱਪ ਚਾਪ ਹੋ ਗਏ। ਮਨ ਵਿਚ ਸੀਮਾ ਜਾਣਦੀ ਸੀ ਉਸਦਾ ਪਿਓ ਕਿੱਦਾਂ ਦਾ ਬੰਦਾ ਸੀ। ਸਮਾਜ ਕਿੱਦਾਂ ਦਾ ਸੀ। " ਧੀ ਹੁੰਦੀ ਨਿਧੀ ਵਰਗੀ। ਕੀ ਪਤਾ ਇਕ ਦਿਨ ਓਹ ਸਮਝ ਜਾਵੇਗਾ। ਕੀ ਪਤਾ ਨਹੀਂ ਸਮਝੂਗਾ। ਮੈਂ ਇਸ ਲਈ ਤੇਰੀ ਲਈ ਕਦਰ ਕਰਦਾਂ'ਤੇ ਕਰੂੰਗਾ...ਉਸ ਘਰ ਵਿਚ ਕੀ ਮਿਲਨਾ ਸੀ ਤੈਨੂੰ? ਮੈਂ ਤੈਨੂੰ ਇਸ ਤਰਾਂ ਦੇ ਬੰਦਿਆਂ ਤੋਂ ਅਜ਼ਾਦੀ ਦੁਆ ਰਿਹਾ ਹਾਂ"।

ਗਾਣਾ ਮੁੱਕ ਗਿਆ। ਸੀਮਾ ਦੇ ਅੱਥਰੂ ਸ਼ੁਰੂ ਹੋ ਗਏ। ਹੰਝੂਆਂ ਦੀਆਂ ਲੀਕਾਂ ਨਾਲ ਮੂੰਹ ਲਿਬੜ ਗਿਆ। ਸਰੀਰਕ ਤੌਰ'ਤੇ ਕੋਈ ਖਿੱਚ ਨਹੀਂ ਸੀ। ਜਜ਼ਬਾਤੀ ਤੌਰ'ਤੇ ਕੁੱਝ ਸ਼ੁਰੂ ਹੋ ਗਿਆ।
ਪਰੌਂਠੇ ਆ ਗਏ॥

**ੲ**

ਇੱਛਾ ਸੀ, ਸੀਮਾ ਦੀ ਕਿ ਇਹ ਸਭ ਕੋਈ ਖੌਫਨਾਕ ਖ਼ਾਬ ਹੀ ਸੀ। ਪਰ ਜਦ ਭਟਕਣੀ ਉੱਤਰ ਗਈ, ਨੱਕੇ ਖੋਲ੍ਹੇ, ਆਲਾ ਦੁਆਲਾ ਤੱਕਿਆ, ਚਮੋਲੀ'ਚ ਨਹੀਂ ਸੀ। ਟ੍ਰੇਲ਼ੱਰ'ਚ ਪਲੰਘ ਉੱਤੇ ਪਈ ਸੀ। ਕਾਸ਼! ਰਾਤੀਂ ਸੱਚ ਮੁੱਚ ਬਾਪੂ ਨੇ ਓਂਕਾਰ ਨੂੰ ਆਵਦੀ ਲਾਡਲੀ ਦੇ ਦਿੱਤੀ! ਇਕ ਦਮ ਸੀਮਾ ਨੇ ਉੱਠਣ ਦੀ ਕੋਸ਼ਿਸ਼ ਕੀਤੀ, ਪਰ ਗੁੱਟ ਉੱਤੇ ਬੇੜੀ ਬੰਨ੍ਹੀ ਸੀ, ਇਕ ਲੰਬਾ ਸੰਗਲ ਸੱਪ ਵਾਂਗ ਬਾਂਹ ਤੋਂ ਡਰਾਈਵਰ ਦੀ ਕੁਰਸੀ ਨਾਲ ਘੁਟ ਕੇ ਬੰਨ੍ਹਿਆ ਹੋਇਆ ਸੀ। ਡਰਾਈਵਰ ਦੀ ਸੀਟ ਤੋਂ ਪਲੰਘ ਤਕ ਜ਼ੰਜੀਰ ਸੀ। ਹਲਕਾ ਵੀ ਸੀ, ਪਰ ਡਾਢਾ ਵੀ। ਸੀਮਾ ਟ੍ਰੇਲ਼ੱਰ ਵਿਚ ਜਿਥੇ ਮਰਜੀ ਤੁਰ ਸਕਦੀ ਸੀ, ਪਰ ਵੈਨ'ਚੋਂ ਨਿਕਲਣ ਦਾ ਕੋਈ ਮੌਕਾ ਨਹੀਂ ਸੀ। ਫੋਨ ਵੀ ਕਿਤੇ ਨਹੀਂ ਸੀ। ਉਸ ਬੁੱਢੇ ਕੋਲ ਸੈੱਲ ਫੋਨ ਹੋਵੇਗਾ!

ਸੀਮਾ ਨੇ ਅੱਧਾ ਘੰਟਾ ਲਾਇਆ ਹੱਥਕੜੀ ਲਾਉਣ ਦੀ ਕੋਸ਼ਿਸ਼ ਵਿਚ। ਕੋਈ ਫਾਇਦਾ ਨਹੀਂ ਸੀ। ਬੂਹੇ ਤੱਕ ਪਹੁੰਚ ਗਈ ਸੀ ਪਰ ਤਾਕ ਨੂੰ ਤਾਲਾ ਲਾਇਆ ਸੀ। ਬਾਰੀਆਂ ਵੀ ਬੰਦ ਸਨ। ਬਾਰੀਆਂ ਬਾਹਰੋਂ ਕਾਲੇ ਰੰਗ ਨਾਲ ਰੰਗੀਆਂ ਸਨ, ਇਸ ਲਈ ਕਿਸੇ ਨੂੰ ਸੀਮਾ ਦਿੱਸਦੀ ਨਹੀਂ ਸੀ। ਬਹਿ ਕੇ ਬਿਲਕ ਗਈ। ਬਾਪੂ ਦੀ ਲਾਡਲੀ? ਸੱਚੀਂ? ਇੰਨਾ ਪਿਆਰ ਪਿਉ ਨੂੰ ਦਿੱਤਾ, ਫਿਰ ਵੀ ਫੱਟਾ ਫੱਟ ਇਸ ਬੁੱਢੇ ਨੂੰ ਵੇਚ ਦਿੱਤਾ! ਹਾਂ, ਵੇਚ ਦਿੱਤਾ, ਪੈਸੇ ਲਈ, ਧੀ ਦੀ ਸਿਰ ਦਰਦੀ ਲਾਂਭੇ ਕਰਨ ਲਈ। ਸਮਾਜ ਦੀਆਂ ਅੱਖਾਂ'ਚ ਕੁੜੀ ਕੀ ਸੀ? ਨਾਲੇ ਕਿਸ ਨੇ ਇੱਦਾਂ ਬਣਾਇਆ? ਰੱਬ ਨੇ? ਜੇ ਰੱਬ ਨੇ ਆਦਮੀ ਲਈ ਜਨਾਨੀ ਬੋਝ ਬਣਾਈ, ਕੋਈ ਕਲੰਕ ਜਾਂ ਪੱਗ ਦਾ ਦਾਗ; ਬੰਦੇ ਲਈ ਇੰਨੀ ਕਦਰ ਹੈ, ਫਿਰ ਉਸਨੂੰ ਇਨਸਾਨ ਪੈਦਾ ਕਰਨ ਦੀ ਯੋਗਤਾ ਦੇਣੀ ਸੀ। ਤੀਵੀਂ ਦੀ ਕੀ ਲੋੜ ਸੀ? ਹਾਂ! ਆਦਮੀ ਦੇ ਅਨੰਦ ਲਈ ਗੁੱਡੀਆ! ਨਾਰ ਨਾਲ ਆਵਦੀ ਹਵਸ ਮਿਟਾਉਣ ਲਈ।ਰੋਟੀ ਬਣਾਉਣ ਲਈ, ਭਾਂਡੇ ਧੋਣ, ਨਿਆਣੇ ਪਾਲਣ ਲਈ। ਕੰਮ ਕਰਨ ਲਈ ਕਲਦਾਰਣ, ਕਾਮ ਕਰਨ ਲਈ ਕਲਦਾਰਣ, ਨਫ਼ਰ ਚਾਹੀਦਾ ਸੀ ਨਾ ਕੇ ਨਾਰੀ! ਜਦ ਹੁਸਨ ਹਵਸ ਲਾਹੁੰਦਾ ਸੀ, ਇਸਤਰੀ ਦੇਵਤੀ ਸੀ; ਜਦ ਆਪਣੇ ਹੱਕ ਮੰਗਦੀ, ਨਫ਼ਰਤ ਦੇ ਕਾਬਲ ਸੀ। ਹੋਰ ਕਿਉਂ ਪਿਉ ਨੇ ਉਸ ਦਿਨ ਜੰਗਲ ਵਿੱਚ ਮੈਨੂੰ ਛੱਡਿਆ! ਹੋਰ ਕਿਉਂ? ਇਸ ਯਾਦ ਨੂੰ ਮਨ ਦੇ ਕਿਸੇ ਹਨੇਰੇ ਖੂੰਜੇ ਵਿੱਚ ਸੀਮਾ ਨੇ ਲੁਕੋਇਆ ਸੀ। ਪਰ ਪੀੜ ਹੁਣ ਵਾਪਸ ਆ ਗਈ। ਇਸ ਵਕਤ ਰੱਬ ਨਾਲ ਕਾਵੜ ਸੀ। ਸਿਸਕੀਆਂ ਤੋਂ ਹੰਝੂਆਂ ਦੀ ਝੜੀ ਪੈ ਗਈ। ਬਹੁਤ ਦੇਰ ਲਈ ਇਸ ਤਰਾਂ ਬੈਠੀ ਰਹੀ। ਦੁਪਹਿਰ ਸੀ, ਪਰ ਹਾਲੇ ਤੱਕ ਓਂਕਾਰ ਵਾਪਸ ਨਹੀਂ ਸੀ ਆਇਆ।ਟ੍ਰੇਲੱਰ ਵਿੱਚ ਉਹ ਅਕਾਅ ਨਾਲ ਭਰੀ ਪਈ ਸੀ।

ਟਾਇਮ ਪਾਸ ਕਰਨ ਲਈ ਪਹਿਲਾਂ ਟੀਵੀ ਲਾਇਆ। ਬਿਗ ਬੌਸ ਵੇਖਿਆ। ਫਿਰ ਇਕ ਹਿੰਦੀ ਫਿਲਮ, ਬੋਬੀ। ਜਦ ਡਿੰਪਲ ਅਤੇ ਰਿਸ਼ੀ ਕਪੂਰ ਨੇ ਕਮਰੇ ਵਿੱਚ ਬੰਦ ਹੋਣ ਦਾ ਗਾਣਾ ਗਾਇਆ, ਸੀਮਾ ਰੋਣ ਲੱਗ ਪਈ। ਭੁੱਖ ਚਮਕੀ। ਫਰਿਜ ਖੋਲ੍ਹੀ। ਪਰਾਉਠਿਆਂ ਦੀ ਢੇਰੀ ਸੀ। ਠੰਢੇ ਠੰਢੇ ਛਕ ਲਏ। ਟੀਵੀ ਦੇ ਨਾਲ ਕਿਤਾਬਾਂ ਨਾਲ ਭਰੀ ਟਾਂਡ ਸੀ। ਅਣਖੀ ਦਾ ਨਾਵਲ, ਗੇਲੋ ਚੁੱਕ ਕੇ ਪੜ੍ਹਨ ਲੱਗ ਪਈ। ਟੀਵੀ ਵੀ ਚਲ ਰਿਹਾ ਸੀ, ਏ.ਸੀ ਵੀ ਲਾਈ ਸੀ, ਫਰਸ਼ ਉੱਤੇ ਕੱਪੜੇ, ਕਿਤਾਬਾਂ, ਟੇਪਾਂ, ਕੋਕ ਦੇ ਖਾਲੀ ਡੱਬੇ ਖਿਲਰੇ ਸਨ। ਘਰ ਨੂੰ ਜਾਣ-ਬੁੱਝ ਕੇ ਗੰਦਾ ਕਰ ਦਿੱਤਾ।ਘਰ ਵਾਲਾ ਘਰ ਨਹੀਂ ਹੋਰ ਕਿਸੇ ਦਾ ਡਰ ਨਹੀਂ।ਓਹ ਗਿਆ ਕਿੱਥੇ ਸੀ? ਫੋਲਾ ਫਾਲੀ ਕਰਨ ਤੋਂ ਬਾਅਦ ਫਿਰ ਬੋਰ ਹੋ ਗਈ। ਹੁਣ ਆਲੇ ਦੁਆਲੇ ਟ੍ਰੇਲੱਰ ਦਾ ਹਾਲ ਵੇਖ ਕੇ ਡਰ ਲੱਗਾ। ਸਫਾਈ ਕਰਨ ਲੱਗ ਪਈ। ਇਕ ਦਰਾਜ਼ ਵਿਚ ਛੁਰੀ ਕਾਂਟੇ ਸਨ। ਸਭ ਤੋਂ ਮੋਟਾ ਚਾਕੂ ਕੱਢ ਕੇ ਆਵਦੀ ਹੱਥਕੜੀ ਨੂੰ ਕੱਟਣ ਦੀ ਕੋਸ਼ਿਸ਼ ਕੀਤੀ। ਜਦ ਕੁੱਝ ਨਹੀਂ ਹੋਇਆ, ਚਾਕੂ ਪਰ੍ਹੇ ਸੁੱਟ ਦਿੱਤਾ। ਚਿੱਤ ਕਰਦਾ ਸੀ ਉਸਨੂੰ ਵਾਪਸ ਚੁੱਕ ਕੇ ਓਂਕਾਰ ਦੇ ਆਉਂਦੇ ਦੇ ਸਿਰ ਵਿਚ ਖੋਭ ਦੇਵੇ। ਪਰ ਇਹ ਸੋਚ ਮਿਟ ਗਈ। ਅੱਕ ਕੇ ਸੰੌ ਗਈ।

ਬਾਹਰ ਚਾਨਣ ਘਟਦਾ ਜਾਂਦਾ ਸੀ। ਭੁੱਖ ਨੇ ਸੀਮਾ ਨੂੰ ਫਿਰ ਜਗਾਇਆ। ਉੱਠ ਕੇ ਫਰਿੱਜ'ਚੋਂ ਜੋ ਰਹਿੰਦਾ ਸੀ ਖਾ ਲਿਆ। ਟੀਵੀ ਹਾਲੇ ਤੱਕ ਚਲਦਾ ਸੀ। ਅੱਤਵਾਦੀਆਂ ਵਾਰੇ ਖ਼ਬਰਾਂ ਸਨ। ਉਦਾਸ ਹੋ ਕੇ ਟੀਵੀ ਬੰਦ ਕਰ ਦਿੱਤਾ। ਗੇਲੋ ਵਿੱਚ ਫਿਰ ਵੜ ਗਈ। ਸ਼ਾਮ ਹੋ ਗਈ ਸੀ। ਬਾਹਰ ਹੁਣ ਕੋਈ ਨਹੀਂ ਦਿੱਸਦਾ ਸੀ। ਜੰਗਲ ਦੀ ਆਵਾਜ਼ ਆਥਣ ਨੂੰ ਕਾਇਮ ਹੋ ਜਾਂਦੀ ਸੀ। ਰਾਤ ਦਾ ਚੀਕ ਚਿਹਾੜਾ ਵਾਪਸ ਆ ਗਿਆ। ਸੀਮਾ ਨੂੰ ਡਰ ਲੱਗਾ। ਕੀ ਮੈਨੂੰ ਇੱਥੇ ਛੱਡ ਕੇ ਆਪ ਉੱਡ ਗਿਆ? ਗੇਲੋ ਮੇਜ਼ ਉੱਤੇ ਧਰ ਕੇ ਹੇਠ ਸੁੱਟਿਆ ਚਾਕੂ ਹੱਥਾਂ ਵਿੱਚ ਫੜ ਲਿਆ, ਜਿਵੇਂ ਉਸ ਤੋਂ ਦਿਲਾਸਾ ਮਿਲਦਾ ਹੋਵੇ, ਉਹ ਇਕਰਾਰ ਦਿੰਦਾ ਸੀ, ਕਿ ਮੈਂ ਤੈਨੂੰ ਕੁੱਝ ਨਹੀਂ ਹੋਣ ਦੇਵਾਂਗਾ। ਪਲੰਘ ਉੱਤੇ ਬੈਠੀ ਨੇ ਗੋਡੇ ਹਿੱਕ ਨਾਲ ਲਾ ਲਏ। ਅੱਗੇ ਹੱਥਾਂ'ਚ ਬਲੇਡ ਲਿਸ਼ਕਦਾ ਸੀ, ਗੋਡਿਆਂ ਪਿੱਛੋਂ ਕੇਵਲ ਲੋਇਣ ਨੰਗੇ ਸਨ, ਦੁਪੱਟਾ ਸੀਸ ਉੱਤੇ ਫਣ ਵਾਂਗ ਵਾਲ ਢੱਕਦਾ ਸੀ।

ਦਿਨ ਨੇ ਆਖਰੀ ਦਮ ਤੋੜ ਲਿਆ।

ਸੀਮਾ ਭਾਰੇ ਭਾਰੇ ਸਾਹ ਲੈਂਦੀ ਸੀ। ਲੂੰ ਕੰਡੇ ਖੜ੍ਹੇ ਹੋ ਗਏ। ਇਕ ਦਮ ਕੁੱਝ ਵੈਨ'ਚ ਵੱਜ ਗਿਆ। ਖੜਕੇ ਨਾਲ ਸੀਮਾ ਡਰ ਗਈ। ਕਿਆਸ ਨੇ ਦਿਮਾਗ ਵਿੱਚ ਬਹੁਤ ਭਿਆਨਕ ਖਿਆਲ ਭਰ ਦਿੱਤੇ। ਝੰਜੋੜਦੀ, ਸੀਮਾ, ਪਰੇਸ਼ਾਨ ਹੋ ਗਈ। ਹੱਥਾਂ ਵਿੱਚ ਚਾਕੂ ਕੰਬਦਾ ਸੀ। ਸੀਮਾ ਨੂੰ ਲੱਗਿਆ ਜਿਵੇਂ ਇਕ ਬਾਰੀ ਉੱਤੇ ਕੋਈ ਜਾਂ ਕੁੱਝ ਝਰੀਟਾਂ ਮਾਰਦਾ ਸੀ। ਝਰੀਟਾਂ ਦੀ ਆਵਾਜ਼ ਦਰਵਾਜੇ ਵਾਲੀ ਬਾਰੀ ਰਾਹੀਂ ਆਉਂਦੀ ਸੀ।

ਸੀਮਾ ਦੀਆਂ ਅੱਡੀਆਂ ਅੱਖਾਂ ਉਸ ਥਾਂ ਟਿੱਕੀਆਂ ਸਨ। ਉਂਝ ਬਾਰੀ ਉੱਤੇ ਰੰਗ ਲਾਇਆ ਸੀ, ਪਰ ਉਹਨੂੰ ਲਗਦਾ ਸੀ ਕਿ ਛਾਈ ਖਿੜਕੀ ਉੱਤੇ ਲਹੂ ਦਾ ਨਿਸ਼ਾਨ ਹੈ। ਸੌਂਹ ਖਾ ਸਕਦੀ ਸੀ ਕਿ ਇਕ ਪਲ ਲਈ ਲਿਬੜਿਆ ਸੰਗਤਰੀ ਪੰਜਾ ਦਿੱਸਿਆ ਸੀ। ਡਰਦੀ ਨੇ ਚਾਕੂ ਛੱਡ ਦਿੱਤਾ ਜੋ ਭੁੰਜੇ ਡਿੱਗ

ਪਿਆ। ਪਹਿਲਾਂ ਤਾਂ ਡਰਦੀ ਸੀ, ਫਿਰ ਉਸ ਹੀ ਡਰ ਨੇ ਉਸਨੂੰ ਥੱਲਿਓਂ ਚਾਕੂ ਚੁੱਕਣ ਲਈ ਹਿੰਮਤ ਦੇ ਦਿੱਤੀ। ਪਰ ਉਸ ਹੀ ਵੇਲੇ ਬੂਹਾ ਖੁਲ੍ਹ ਗਿਆ॥

**ਸ**

ਸੀਮਾ ਵੱਲ ਓਂਕਾਰ ਦੀਆਂ ਅੱਖਾਂ ਟਿੱਕੀਆਂ। ਨਾਜ਼ਕ ਨਜ਼ਰ ਨਾਲ ਸਿਰ ਤੋਂ ਪੈਰ ਤੱਕ ਸੀਮਾ ਦਾ ਸਰੀਰ ਮਨ ਵਿੱਚ ਵਸਾ ਲਿਆ ਜਿਵੇਂ ਕੋਈ ਕਾਪੀਅਰ ਨਾਲ ਡਿੱਟੋ ਖਿੱਚੀ ਹੋਵੇ। ਅਲਮਾਰੀ ਉੱਤੇ ਟੰਗੇ ਸ਼ੀਸ਼ੇ ਨੇ ਓਂਕਾਰ ਦੀ ਅੱਖ ਫੜ ਲਈ। ਆਵਦੇ ਨੰਗੇ ਹਾਲ ਵੱਲ ਝਾਕਿਆ। ਉਂਜ ਉਨ੍ਹੇ ਲੱਕ ਦੁਆਲੇ ਪੱਟੂ ਲਪੇਟਿਆ ਸੀ, ਫਿਰ ਵੀ ਵੈਨ ਅੰਦਰ ਵੜਦੇ ਨੂੰ ਸ਼ਰਮ ਆਈ। ਭਾਵੇਂ ਉਸ ਵਕਤ ਸੀਮਾ ਤਾਂ ਬੇਹੋਸ਼ ਹੋਈ ਭੁੰਜੇ ਪਈ ਸੀ, ਪਰ ਓਂਕਾਰ ਸ਼ਰਮਸਾਰ ਸੀ। ਸ਼ੀਸ਼ੇ ਨੇ ਬੁੱਢਾ ਨਹੀਂ ਵੇਖਿਆ, ਪਰ ਇਕ ਅਧੇੜ ਆਦਮੀ, ਜਿਸ ਦਾ ਜਿਸਮ ਹਾਲੇ ਡਾਢਾ ਸੀ।ਨਿੱਗਰ ਜਬਾੜਾ, ਪੱਤਲੀਆਂ ਗਲ੍ਹਾਂ ਅਤੇ ਬੇ-ਝਰੜਾ ਮੂੰਹ ਸ਼ੀਸੇ'ਚੋਂ ਵਾਪਸ ਝਾਕਦਾ ਸੀ। ਪਿੰਡਾ ਵੀ ਛੀਟਕਾ ਸੀ, ਢਿੱਡ ਦੇ ਪੱਠੇ ਪਟੜੇ ਵਾਂਗ ਸਖ਼ਤ। ਬਾਹਾਂ ਬਲਵੰਤ ਸਨ, ਲੱਤਾਂ ਗਠੀਲੀਆਂ, ਪੱਕਾ ਭਲਵਾਨ ਜਾਪਦਾ ਸੀ। ਓਂਕਾਰ ਦਾ ਮੂੰਹ ਰੱਤ ਨਾਲ ਲਿਬੜਿਆ ਸੀ। ਉਨ੍ਹੇ ਆਵਦੇ ਹੱਥ ਦੇ ਪਿੱਛਲੇ ਪਾਸੇ ਨਾਲ ਮੂੰਹ ਤੋਂ ਧੱਬਾ ਸਾਫ਼ ਕਰ ਦਿੱਤਾ। ਹੁਣ ਉਹਦੀਆਂ ਨਜ਼ਰਾਂ ਸਾਹਮਣੇ ਤਾਕਤਵਰ ਤਨ ਬਿਰਧ ਸਰੀਰ ਬਣ ਗਿਆ। ਜਿੱਥੇ ਜਵਾਨ ਖਲੋਇਆ ਸੀ, ਹੁਣ ਬਦਨ ਬੁਢੇਪੇ'ਚ ਢਲ਼ ਗਿਆ। ਮੂੰਹ ਦੀ ਚਮੜੀ ਢਿੱਲੀ ਪੈ ਗਈ। ਢਿੱਡ ਨਰਮ ਹੋ ਗਿਆ, ਗੋਗੜੂ ਬਣ ਗਿਆ। ਲੱਤਾਂ ਬਾਹਾਂ'ਚੋਂ ਜਾਨ ਨਚੋੜੀ ਗਈ। ਸਿੰਕ ਵਿਚ ਮੂੰਹ ਧੋਕੇ ਅਲਮਾਰੀ ਵਿੱਚੋਂ ਕਪੜੇ ਕੱਢ ਲਏ। ਕੱਪੜੇ ਪਾਉਣ ਬਾਅਦ ਉਨ੍ਹੇ ਹੌਲੀ ਹੌਲੀ ਸੀਮਾ ਨੂੰ ਚੁੱਕ ਕੇ ਪਲੰਘ ਉੱਤੇ ਪਾ ਦਿੱਤਾ। ਬੇੜੀ ਖੋਲ੍ਹ ਦਿੱਤੀ।

ਸੀਮਾ ਦਾ ਮੱਥਾ ਚੁੰਮ ਕੇ ਓਂਕਾਰ ਪਰੇ ਹੋ ਗਿਆ। ਬਾਂਹ ਵਾਲੀ ਕੁਰਸੀ ਉੱਤੇ ਚੁੱਪ ਚਾਪ ਬਹਿ ਗਿਆ। ਸੀਮਾ ਨੂੰ ਘੋਖਦਾ ਸੀ। ਕੋਈ ਧੁੰਧਲੀ ਯਾਦ ਕਹਿੰਦੀ ਸੀ ਕਿ ਇਹ ਓਹੀ ਕੁੜੀ ਸੀ ਜਿਸ ਨੂੰ ਖਾਬ ਵਿਚ ਵੇਖਿਆ, ਜਾਂ ਆਵਦੇ ਦੂਜੇ ਰੂਪ ਦੀ ਸੁੱਧ ਵਿੱਚ (ਜਿਸ ਬਾਰੇ ਤੁਹਾਨੂੰ ਹੌਲੀ ਹੌਲੀ ਪਤਾ ਲੱਗ ਜਾਵੇਗਾ, ਜੇ ਤੁਸੀਂ ਹਾਲੇ ਤਕ ਓਂਕਾਰ ਦੀ ਰਹੱਸਮਈ ਰਗ ਨਹੀਂ ਪਛਾਣੀ ), ਉਸ ਦੇ ਅਨੁਭਵ ਅੰਦਰ। ਮਨ'ਚ ਇਕ ਤਸਵੀਰ ਸੀ, ਇਸ ਲੜਕੀ ਦੀ। ਜਿਸ ਵਿੱਚ ਇਹ ਜੰਗਲ'ਚ ਅਨਾਥ, ਭੈਭੀਤ ਇਕੱਲੀ ਖੜੀ ਦੀ। ਹਿਰਨੀ ਵਾਂਗ ਡਰੀ ਹੋਈ। ਦੇਖਣ ਵਾਲੇ ਨੂੰ ਭੁੱਖ ਜਰੂਰ ਸੀ, ਪਰ ਇਸ ਸ਼ਿਕਾਰ ਨੂੰ ਮਾਰਨ ਦਾ ਚਿਤ ਨਹੀਂ ਕੀਤਾ। ਸਗੋਂ ਹਮਦਰਦੀ ਪੈਦਾ ਹੋ ਗਈ ਸੀ। ਉਨ੍ਹੇ ਕੁਮਾਰ ਨੂੰ ਕੁੜੀ ਛੱਡ ਕੇ ਜਾਂਦਾ ਵੇਖਿਆ। ਸਭ ਸੁਪਨੇ ਵਾਂਗ ਸੀ ਪਰ ਵਾਸਤਵ ਵੀ। ਓਂਕਾਰ ਨੂੰ ਰਾਤ ਨੂੰ ਹੋਸ਼ ਸੀ, ਪਰ ਦਿਨੇਂ ਕੀ ਹੁੰਦਾ, ਕੁੱਝ ਪਤਾ ਨਹੀਂ ਸੀ। ਧੁੰਧਲੀ ਯਾਦ ਸੀ। ਕੋਈ ਦੂਰ ਦੀ ਯਾਦ, ਜਿਵੇਂ ਸੁਫਨੇ ਹੁੰਦੇ ਨੇ। ਉਸ ਦੀ ਇਸ ਨਿਕੀ ਯਾਦ ਨੇ ਸੀਮਾ ਨੂੰ ਲੱਭਣ ਦੀ ਖੋਜ ਸ਼ੁਰੂ ਕਰ ਦਿੱਤੀ ਸੀ। ਇਸ ਧੁੰਧਲੀ ਸੋਚ ਨੇ ਓਂਕਾਰ ਨੂੰ ਕੁਮਾਰ ਦੇ ਵੱਲ ਜਾਣ ਦਾ ਰਾਹ ਦਰਸਾਇਆ। ਫਿਰ ਉਸ ਨੇ ਕੁਮਾਰ ਦੇ ਟੱਬਰ ਬਾਰੇ ਸਭ ਜਾਣਿਆ, ਅਤੇ ਸਮਝ ਲਿਆ ਕਿ ਕਿਸੇ ਨਾ ਕਿਸੇ ਤਰ੍ਹਾਂ ਸੀਮਾ ਨੂੰ ਉਥੋਂ ਕੱਢਣਾ ਚਾਹੀਦਾ। ਕੁਮਾਰ ਕੁੜੀ ਨੂੰ ਬੋਝ ਸਮਝਦਾ ਸੀ। ਇਸ ਬਹਾਨੇ ਉਹ ਸੀਮਾ ਨੂੰ ਉਸ ਮਾਹੌਲ'ਚੋਂ ਬਾਹਰ ਲੈ ਆਇਆ। ਸ਼ਾਇਦ ਸੁਪਨਾ ਹੀ ਸੀ, ਪਰ ਕੁਮਾਰ ਅਤੇ ਉਸ ਦੀਆਂ ਧੀਆਂ ਦੀ ਹੋਂਦ ਸੁੱਚੀ ਮੁੱਚੀ ਉੱਨਤੀ ਕਰ ਗਈ ਸੀ ਓਂਕਾਰ ਨਾਲ ਸੌਦਾ ਕਰਕੇ। ਖੈਰ ਰੱਬ ਦੇ ਹੱਥ ਨੇ ਉਸ ਦਿਨ ਸ਼ਿਕਾਰ ਨਾ ਹੋਣ ਦਿੱਤਾ, ਓਂਕਾਰ ਦੇ ਦੂਜੇ ਰੂਪ ਦੀ ਭੁੱਖ ਟਾਲ ਦਿੱਤੀ। ਹੁਣ ਤਾਂ ਰਾਤ ਸੀ, ਅਤੇ ਓਂਕਾਰ ਦੇ ਦੂਜੇ ਪ੍ਰੇਤ ਵਾਲਾ ਰੂਪ ਸੀਮਾ ਲਈ ਖ਼ਤਰਾ ਨਹੀਂ ਸੀ। ਜੋ ਬੀਤ ਗਿਆ, ਬੀਤ ਗਿਆ, ਹੁਣ ਬਾਕੀ ਵੇਖੀਏ।

ਓਂਕਾਰ ਨੇ ਸੀਮਾ ਵੱਲ ਬੜੇ ਗਹੁ ਨਾਲ ਵੇਖਿਆ। ਸੀਮਾ ਦੀਆਂ ਅੱਖਾਂ ਮੀਟੀਆਂ ਸਨ, ਬੁੱਲ੍ਹ ਜੁੜੇ, ਸਵਾਸ ਹਲਕੇ, ਇਕ ਦਮ ਸ਼ਾਂਤ। ਇਕ ਦਮ ਸੁਰ ਜਾਪਦੀ ਸੀ। ਉਸ ਦਾ ਨੱਕ ਪਤਲਾ ਅਤੇ ਤਿੱਖਾ ਸੀ ਪਰ ਥੋੜਾ ਜਿਹਾ ਖਮਦਾਰ। ਹੜਬ ਦਾ ਰੂਪ ਤੀਰ ਦੀ ਅਣੀ ਵਾਂਗ ਸੀ। ਕੰਨ ਵਾਲਾਂ ਪਿੱਛੇ ਓਝਲੇ ਸਨ। ਕਣਕ ਭਿੰਨਾ ਮੁਖ ਸੁਖ ਦੇ ਸਾਹ ਲੈਂਦਾ ਸੀ। ਕੀ ਪਤਾ ਸੀਮਾ ਦੇ ਅੰਦਰੋਂ ਡਰ ਉਡ ਗਿਆ? ਹੱਥ ਸਿਰ ਹੇਠ, ਸਿਰਹਾਣੇ ਵਾਂਗ, ਇਸ ਰੋਹਣੀ ਦਾ ਚਮਤਕਾਰ ਸੋਹਣੇ ਚੇਹਰੇ ਨੂੰ ਸਹਾਰਾ ਦਿੰਦਾ ਸੀ। ਇਸ ਹੁਸਨਪ੍ਰਸਤ ਦੀ ਨਿਗਾਹ ਸੁੱਤੀ ਸੁੰਦਰੀ ਦੇ ਪੈਰ ਵੱਲ ਦੀ ਗਈ। ਓਂਕਾਰ ਨੇ ਆਪਣੀ ਉਂਗਲੀ ਮੂੰਹ ਵਿਚ ਪਾਈ। ਉਨ੍ਹੇ ਹੈਰਾਨੀ ਨਾਲ ਸੋਚਿਆ ਕਿ ਕੋਈ ਸ਼ਾਇਰ ਹੀ ਸੀਮਾ ਦੇ ਚਰਨ ਕਮਲਾਂ ਦੀ ਉਪਮਾ ਕਰ ਸਕਦਾ ਸੀ। ਚਰਨਾਂ ਨੇ ਓਂਕਾਰ ਦੇ ਵਧਦੇ ਵਧਦੇ ਪਿਆਰ ਨੂੰ ਸਿਰੇ'ਤੇ ਪਹੁੰਚਾ ਦਿੱਤਾ। ਓਂਕਾਰ ਸੀਮਾ ਦਾ ਦੀਵਾਨਾ ਹੋ ਗਿਆ। ਸੋਲ੍ਹਾਂ ਸਾਲਾਂ ਦੀ ਸਾਹਿਬਾਂ ਨੇ ਓਂਕਾਰ ਦਾ ਦਿਲ ਜਿੱਤ ਲਿਆ। ਮਾਂ-ਪਿਉ ਦੀ ਬਾਲੜੀ ਭਾਵੇਂ ਹੋਵੇਗੀ, ਪਰ ਅਸਲੀਅਤ ਵਿੱਚ ਸੀਮਾ ਬੱਚੀ ਨਹੀਂ ਸੀ, ਨੌਜਵਾਨ ਸੀ। ਓਂਕਾਰ ਇਆਣਾ ਨਹੀਂ ਸੀ, ਪਰ ਹਕੀਕਤ ਸੀ ਕਿ ਉਸ ਦਾ ਵਜੂਦ ਕਦੇ ਕਦੇ ਬੁੱਢੇ ਰੂਪ ਵਿਚ ਹੁੰਦਾ ਸੀ, ਅਤੇ ਕਦੇ ਕਦੇ ਅਸਲੀ ਉਮਰ ਵਿੱਚ। ਓਂਕਾਰ ਨੂੰ ਹਾਹ ਪੈ ਗਈ ਸੀ; ਅਜੇ ਤਾਂ ਇਹ ਝੱਲਣਾ ਪੈਣਾ ਸੀ। ਭੇਦ ਦੀ ਗੱਲ ਇਹ ਸੀ ਕਿ ਸ਼ਿਕਾਰ ਤੋਂ ਬਾਅਦ ਥੋੜੇ ਚਿਰ ਲਈ ਉਹ ਆਵਦੀ ਅਸਲੀ ਉਮਰ, ਅਸਲ ਰੂਪ ਵਿਚ ਆ

ਜਾਂਦਾ। ਪਰ ਕਿੰਨੇ ਹੋਰ ਮਾਰਨੇ ਪੈਣਗੇ ਇਸ ਉਮੰਗ ਤਕ ਪਹੁੰਚਣ ਲਈ? ਆਪੇ ਤੋਂ ਬਾਹਰ ਹੋਣੋਂ ਪਹਿਲਾਂ ਉਨ੍ਹੇ ਸੋਚ ਪਰੇ ਸੁੱਟ ਦਿੱਤੀ।

ਓਂਕਾਰ ਉੱਠ ਗਿਆ। ਉਸਨੇ ਇਕ ਖਾਨੇ'ਚੋਂ ਸੁੰਘਣ ਵਾਲਾ ਲੂਣ ਕੱਢ ਕੇ ਸੀਮਾ ਦੇ ਮੂੰਹ ਅੱਗੇ ਕੀਤਾ। ਉਹਦੀ ਅੱਖ ਖੁੱਲ੍ਹ ਗਈ, 'ਤੇ ਉਹ ਖੰਘਦੀ ਉੱਠ ਪਈ। ਉਹ ਓਂਕਾਰ ਨੂੰ ਵੇਖ ਕੇ ਪੱਥਰ ਬਣ ਗਈ। ਫਿਰ ਉਸਨੂੰ ਯਾਦ ਆ ਗਿਆ ਓਂਕਾਰ ਕੌਣ ਹੈ। ਆਵਦੀ ਕਲਾਈ ਵੱਲ ਝਾਕਿਆ। ਜਕੜਬੰਦ ਲਾਹ ਦਿੱਤਾ ਗਿਆ ਸੀ। ਸੁਖ ਦਾ ਸਾਹ ਲਿਆ। ਪਹਿਲੀ ਸੋਚ ਸੀ ਕਿ ਬੁੱਢੇ ਦੇ ਵੱਟਕੇ ਥੱਪੜ ਮਾਰੇ। "ਕਿਉਂ? ਕਿਉਂ ਮੈਨੂੰ ਸਾਰਾ ਦਿਨ ਕੈਦੀ ਰੱਖਿਆ?"। ਹਾਲੇ ਓਂਕਾਰ ਨੇ ਉਤਰ ਦੇਣਾ ਸੀ, ਜਦ ਦੂਜੀ ਸੋਚ ਆ ਗਈ। ਉਸ ਝਰੀਟ ਮਾਰਦੇ ਪੰਜੇ ਦੀ। "ਬਾਹਰ ਕੋਈ ਜਾਨਵਰ ਸੀ। ਮੈਨੂੰ ਬਹੁਤ ਡਰ ਲੱਗਿਆ। ਤੁਸਾਂ ਨੇ ਮੈਨੂੰ ਕਾਹਤੋਂ ਇਸ ਹਾਲ'ਚ, ਹੱਥਕੜੀ'ਚ ਕੱਲੀ ਛੱਡਿਆ? ਕਿਉਂ?", ਸੀਮਾ ਕੌੜ ਨਾਲ ਭਰੀ ਪਈ ਸੀ। ਓਂਕਾਰ ਨੂੰ ਕੁੜੀ ਦਾ ਰੋਹ ਦਿੱਸਦਾ ਸੀ। ਪਰ ਉਨ੍ਹੇ ਸ਼ਾਂਤੀ ਨਾਲ ਜਵਾਬ ਦਿੱਤਾ, " ਦਿਨੇ ਮੈ ਮਜਬੂਰ ਹਾਂ। ਤੈਨੂੰ ਰਾਤੀਂ ਵੀ ਸਮਝਾਇਆ ਸੀ। ਜੰਗਲ ਕੋਲ ਤੈਨੂੰ ਛੱਡਣਾ ਖਤਰਨਾਕ ਹੈ। ਅਸੀਂ ਚਮੋਲੀ ਤੋਂ ਹੁਣ ਬਹੁਤ ਦੂਰ ਹਾਂ"।

ਸੀਮਾ ਕਰੋਧ ਨਾਲ ਭਰੀ ਪਈ ਸੀ, ਉਸ ਦੀਆਂ ਅੱਖਾਂ ਵਿਚੋਂ ਓਂਕਾਰ ਵੱਲ ਤੀਰ ਵੱਜਦੇ ਸਨ। ਓਂਕਾਰ ਪਰੇ ਹੋ ਗਿਆ। ਸੀਮਾ ਖੜ੍ਹ ਗਈ। ਇਸ ਬੁੱਢੇ ਨੂੰ ਇੰਨਾ ਸੌਖਾ ਨਹੀਂ ਜਾਣ ਦੇਣਾ। ਜਿਵੇਂ ਕਿਵੇਂ ਕੁੰਡੀ ਖੋਲਣੀ ਸੀ। ਮੇਰੇ ਲਈ ਕਿਉਂ ਪੈਸੇ ਦਿੱਤੇ? ਇਵੇਂ ਮੇਰੇ ਨਾਲ ਕਿਉਂ ਕਰਦਾ ਸੀ?

ਓਂਕਾਰ ਨੇ ਇਹ ਸਭ ਕੁਝ ਸੀਮਾ ਦੇ ਮੁੱਖੜੇ ਤੋਂ ਪੜ੍ਹ ਲਿਆ ਸੀ। ਹੌਕਾ ਭਰ ਕੇ ਕਿਹਾ, " ਜੇ ਤੂੰ ਨੱਸ ਜਾਂਦੀ ਤਾਂ ਇੱਥੇ ਗਵਾਚ ਜਾਣਾ ਸੀ। ਫਿਰ ਮੈਂ ਤੇਰੀ ਮਾਂ ਨੂੰ ਕੀ ਦੱਸਦਾ? ਤੇਰੇ ਬਚਾ ਲਈ ਇੱਦਾਂ ਕੀਤਾ।ਇਕਰਾਰ ਕਰ ਕਿ ਤੂੰ ਨਹੀਂ ਨੱਠੇਂਗੀ। ਮੈਂ ਕੱਲ੍ਹ ਨੂੰ ਏਦਾਂ ਨਹੀਂ ਕਰਾਂਗਾ। ਕੀ ਕਹਿੰਦੀ ਏ ?"।
" ਤੂੰ ਬਹੁਤ ਅਜੀਬ ਆਦਮੀ ਏਂ। ਲੱਗਦਾ ਤੂੰ ਅਗਵਾਕਾਰ ਤਾਂ ਹੈ ਨਹੀਂ। ਹੋਰ ਕੀ ਸੋਚਾਂ?"।
" ਤੈਨੂੰ ਤੇਰੇ ਬਾਪੂ ਤੋਂ ਅਜ਼ਾਦ ਕੀਤਾ"
" ਰਹਿਣ ਦੇ! ਮੈਨੂੰ ਖਰੀਦਿਆ ਕਿਉਂ?"
" ਤੇਰੀ ਅਜ਼ਾਦੀ ਲਈ, ਤੈਨੂੰ ਖੁਦਮੁਖਤਿਆਰ ਬਣਾਉਣ ਲਈ। ਤੂੰ ਕੀ ਸੋਚਦੀ ਏਂ ਬਈ ਤੇਰੇ ਬਾਪੂ ਨੇ ਤੇਰਾ ਵਿਆਹ ਕਰ ਦੇਣਾ ਸੀ? ਤੇਰੀ ਮਰਜ਼ੀ ਨਾਲ? ਦੋ ਤੈਤੋਂ ਪਹਿਲਾਂ ਹਨ, ਤਿੰਨਾਂ ਦਾ ਦਾਜ ਕਿੱਥੋਂ ਮਿਲਣਾ ਸੀ? ਕੁਮਾਰ ਨੇ ਤਾਂ ਤੈਨੂੰ ਜੰਗਲ ਵਿੱਚ ਮਰਨ ਲਈ ਛੱਡ ਦਿੱਤਾ ਸੀ! ਹਾਂ, ਮੈਨੂੰ ਸਭ ਕੁਝ ਪਤਾ ਏ!", ਹੁਣ ਓਂਕਾਰ ਵੀ ਗੁੱਸੇ ਨਾਲ ਭਰ ਗਿਆ ਸੀ। ਸੀਮਾ ਰੋਣ ਲੱਗ ਪਈ। ਪੀੜ ਨਾਲ ਪਾਟਦੇ ਨੇ ਡਰਾਈਵਰ ਦੀ ਕੁਰਸੀ ਉੱਤੇ ਬਹਿ ਕੇ ਟ੍ਰੇਲਰ ਚਾਲੂ ਕਰ ਦਿੱਤਾ। ਸੀਮਾ ਹਾਲੇ ਪਲੰਘ ਉੱਤੇ ਬੈਠੀ ਸੀ। ਅੱਖਾਂ ਗਲੇਡੂ ਨਾਲ ਭਰੀਆਂ ਸਨ। ਓਂਕਾਰ ਦੀ ਕੰਡ ਵੱਲ ਵ੍ਹੇਹਦੀ ਨੂੰ ਸ਼ਰਮ ਆ ਗਈ। ਇਸ ਵਡੇਰੇ ਨਾਲ ਇਸ ਤਰਾਂ ਕਮਲ਼ ਕੁੱਟਣਾ ਗੱਲਤ ਸੀ। ਤਾਂਘੜ ਕੇ ਕੀ ਮਿਲਣਾ? ਜੋ ਰਾਤੀਂ ਓਂਕਾਰ ਨੇ ਕਿਹਾ ਸੱਚ ਸੀ। ਭਾਪੇ ਨੇ ਸੀਮਾ ਨੂੰ ਓਂਕਾਰ ਹੱਥ ਦਿੱਤਾ ਸੀ। ਸੀਮਾ ਖੁਦ ਖ਼ੁਸ਼ੀ ਨਾਲ ਅੱਗੇ ਆਈ ਸੀ। ਅੱਥਰੂਆਂ ਦੀ ਝੜੀ ਲੱਗ ਗਈ। ਓਂਕਾਰ ਨੇ ਵੈਨ ਰੋਕ ਦਿੱਤੀ। ਉਹ ਸੀਮਾ ਕੋਲ਼ੇ ਆ ਖੜਿਆ। ਦਲਿੱਦਰੀ ਵੇਰਵਿਆਂ ਵਿੱਚ ਪਈ ਹੋਣ ਕਰਕੇ ਉਸਨੂੰ ਸਮੁੱਚਾ ਰੂਪ ਨਹੀਂ ਸੀ ਦਿਸ ਰਿਹਾ। ਓਂਕਾਰ ਨੇ ਉਸਨੂੰ ਮਾੜੇ ਪਿਓ ਤੋਂ ਬਚਾਇਆ। ਪਰ ਵਿਚਾਰੀ ਨੂੰ ਆਵਦੇ ਸਾਹਮਣੇ ਮੁਕਤੀਦਾਤਾ ਨਹੀਂ ਦਿੱਸਿਆ ਸਗੋਂ ਇਕ ਪਾਪੀ ਛੜਾ ਬੁੱਢਾ ਦਿੱਸਿਆ ਜਿਸ ਨੇ ਇਕ ਕੁੜੀ ਖਰੀਦੀ ਸੀ। ਓਂਕਾਰ ਨੇ ਸੀਮਾ ਉੱਤੇ ਆਵਦੀਆਂ ਅਜੀਬ ਅੱਖਾਂ ਵਿਛਾਈਆਂ, ਜਿਵੇਂ ਇਕ ਨਜ਼ਰ ਨਾਲ ਉਸਦਾ ਦੁੱਖ ਧੋਣਾ ਚਾਹੁੰਦਾ ਹੋਵੇ। ਉਨ੍ਹੇ ਸੀਮਾ ਦਾ ਹੱਥ ਆਵਦੇ ਹੱਥ ਵਿੱਚ ਲੈ ਲਿਆ। ਸੀਮਾ ਨੇ ਹੱਥ ਛੁਡਾਇਆ ਨਹੀਂ। ਕੀ ਪਤਾ ਹਾਲੇ ਵੀ ਮੈਨੂੰ ਪਿਆਰ ਕਰੇਗੀ, ਓਂਕਾਰ ਦੇ ਮਨ'ਚ ਆਇਆ। ਬਿੱਲੀ ਨੂੰ ਮਾਸ ਦੇ ਸੁਫਨੇ ਆ ਗਏ। ਉਨ੍ਹੇ ਸੀਮਾ ਦੇ ਸਿਰ'ਤੇ ਹੱਥ ਧਰ ਦਿੱਤਾ। ਕਿਵੇਂ ਸੀਮਾ ਨੂੰ ਦਸੇ ਕਿ ਇਹ ਜੀਵਨ ਨੂੰ ਸੀਸ ਉੱਤੇ ਲੋਥ ਵਾਂਗ ਚੁੱਕੀ ਫਿਰਦਾ ਸੀ। ਸੀਮਾ ਓਂਕਾਰ ਲਈ ਅਕਸੀਰ ਸੀ, ਹਰ ਮਰਜ਼ ਦੀ ਹਵਾ। 'ਕੱਲੀ ਸੀਮਾ ਹੀ ਫਿਟਕ ਨੂੰ, ਸਰਾਪ ਨੂੰ ਖਤਮ ਕਰ ਸਕਦੀ ਸੀ।

ਓਂਕਾਰ ਬੋਲਿਆ, " ਕੱਲ੍ਹ ਨੂੰ ਇੱਦਾਂ ਨਹੀਂ ਕਰਾਂਗਾ। ਭਲਕੇ ਪੂਰੀ ਅਜ਼ਾਦੀ ਹੋਵੇਗੀ। ਮੈਂ ਬਚਨ ਦਿੰਦਾ ਹਾਂ"॥

**ਹ**

ਹਾਨ ਕੂ ਅੱਗ ਤੋਂ ਸੇਕ ਲੈਂਦਾ ਸੀ। ਵਣ ਦੇ ਵਿੱਚ ਪਧਰੇ ਥਾਂ'ਚ ਅੱਗ ਭੜਕਾਈ ਸੀ। ਆਲੇ ਦੁਆਲੇ ਪੰਜ ਸ਼ਿਕਾਰੀ ਬੈਠੇ ਸਨ। ਹਾਨ ਉਨ੍ਹਾਂ ਦਾ ਸਰਗਨਾ ਸੀ। ਆਮ ਉਨ੍ਹਾਂ ਦੇ ਸ਼ਿਕਾਰ ਗੈਂਡੇ, ਜਾਂ ਹਾਥੀ ਜਾਂ ਚਰਾਂ ਕੂੰਜ ਸਨ। ਆਮ ਮਨੀਪੁਰ ਦੇ ਜੰਗਲਾਂ ਵਿੱਚ ਜਾਂ ਨਾਗਾਲੈਂਡ ਵਿੱਚ ਚੀਨ ਦੀ ਸਰਹੱਦ ਪਾਰ

ਕਰ ਕੇ ਆਉਂਦੇ ਸਨ। ਡੋਗਰ ਤੋਂ ਤਿੱਬਤ ਤੱਕ ਸਾਰੇ ਜੰਗਲਾਂ ਵਿਚ ਹੇੜਾ ਕਰਦੇ ਸੀ, ਗੈਰ ਕਾਨੂੰਨੀ ਕੰਮ; ਭਾਰਤ'ਚ ਆ ਕੇ। ਹੁਣ ਉੱਤਰਾਖਾਂਡ ਦਿਆਂ ਵਣਾਂ ਵਿਚ ਸ਼ੇਰ ਟੋਲਦੇ ਸੀ। ਕੂ ਸ਼ੇਰ ਦੀ ਗੁਫਾ ਮਗਰ ਸੀ, ਕਿਉਂਕਿ ਕੇਹਰ ਦੇ ਮਾਸ ਲਈ, ਚੀਨ'ਚ ਹੱਡਾਂ ਦੇ ਬਹੁਤ ਗਾਹਕੀ ਸਨ। ਪਰ ਜੇਹੜੇ ਮਰਜ਼ੀ ਸ਼ੇਰ ਮਗਰ ਨਹੀਂ। ਇਕ ਖ਼ਾਸ ਸ਼ੇਰ ਮਗਰ ਸੀ, ਕਿਉਂਕਿ ਜਦ ਸਾਲ ਪਹਿਲਾਂ ਭੂਟਾਨ ਵਿਚ ਸ਼ੇਰਾਂ ਨੂੰ ਸ਼ਿਕਾਰ ਕਰਦਾ ਸੀ, ਉਸ ਕੇਹਰ ਨੇ ਕੂ ਦੀ ਸੱਜੀ ਬਾਂਹ ਚੱਬ ਕੇ ਕੂਹਣੀ ਹੇਠੋਂ ਲਾਹ ਦਿੱਤੀ ਸੀ। ਸ਼ੇਰ ਨੇ ਆਵਦੀਆਂ ਅੱਖਾਂ ਕੂ ਦੀਆਂ ਅੱਖਾਂ'ਚ ਗੱਡੀਆਂ ਸਨ। ਪਰ ਕੂ ਬੱਚ ਗਿਆ, ਕਿਉਂਕਿ ਚੈਂਗ ਨੇ ਅੱਗ ਦੀ ਮਸਾਲ ਸ਼ੇਰ ਵੱਲ ਵਧਾ ਦਿੱਤੀ ਸੀ। ਸ਼ੇਰ ਤਿੱਤਰ ਹੋ ਗਿਆ। ਕੂ ਨੇ ਕਸਮ ਖਾ ਲਈ ਸੀ ਕਿ ਇਸੇ ਈ ਸ਼ੇਰ ਨੂੰ ਮਾਰਾਂਗਾ। ਕੂ ਪੱਕਾ ਹੋ ਗਿਆ ਇੰਤਕਾਮ ਲੈਣ ਲਈ। ਕੂ ਖੋਜੀ ਸੀ, ਸ਼ੇਰਾਂ ਬਾਰੇ ਮਾਹਰ ਸੀ। ਉਸਨੇ ਇਸ ਸ਼ੇਰ ਦੇ ਵਿਲੱਖਣ ਨਿਸ਼ਾਨ ਜਾਣ ਲਏ ਸੀ। ਸ਼ੇਰ ਦਾ ਮੂਤ ਵਿਲੱਖਣ ਹੁੰਦਾ, ਅਤੇ ਇਸ ਕੇਹਰ ਦੀ ਮੁਤਰਾਲ਼ ਪਛਾਣ ਸਕਦਾ ਸੀ। ਇਸ ਸ਼ੇਰ ਨੂੰ ਨਾਂ ਦੇ ਦਿੱਤਾ, ਸ਼ੈਤਾਨ। ਸ਼ੈਤਾਨ ਤੋਂ ਬਦਲਾ ਲੈਣਾ ਸੀ।

ਹਰੇਕ ਸਾਲ ਦੋ ਸ਼ੇਰ ਮਾਰਕੇ ਚੀਨ ਵਾਪਸ ਲੈ ਜਾਂਦੇ ਸਨ। ਐਤਕੀਂ ਕੂ ਨੇ ਟੋਲੇ ਨੂੰ ਸ਼ੈਤਾਨ ਦਾ ਪਿੱਛਾ ਕਰਨ ਲਈ ਮਜਬੂਰ ਕਰ ਦਿੱਤਾ। ਬਦਲਾ-ਲੈਣ ਜਿੱਦੀ ਸੀ, ਟੋਲੇ ਦੇ ਸਦੱਸ ਨਹੀਂ ਤਾਂ ਤਾਬੇਦਾਰ ਸੀ, ਜਾਂ ਪੈਸੇ ਲਈ ਸਾਥ ਨਿਭਾਉਣ ਵਾਲੇ ਸੀ, ਕਿਉਂਕਿ ਸ਼ੇਰ ਦੀ ਖੱਲ ਬਹੁਤ ਕੀਮਤੀ ਸੀ, ਹੱਡ ਵੀ ਨਿਰਮੋਲ ਸਨ। ਇਸ ਕਰਕੇ ਸਰਹੱਦ ਪਾਰ ਕਰ ਕੇ ਇੰਡੀਆ ਆਉਂਦੇ ਰਹਿੰਦੇ ਸੀ।

ਮਧੋਲੇ-ਤਸਕਰ ਰਾਤ ਵਿਚ ਕੰਮ ਕਰਦੇ ਸੀ। ਦਿਨੇ ਹਕੂਮਤ ਦੇ ਅਫ਼ਸਰਾਂ ਤੋਂ ਗਰਿਫ਼ਤਾਰ ਹੋਣ ਦਾ ਡਰ ਸੀ। ਉਂਞ ਇਸ ਕਰਕੇ ਟੋਲੇ ਵਿਚ ਦੋ ਦੇਸੀ ਵੀ ਸਨ। ਇਕ ਬੰਗਾਲੀ, ਇਕ ਪੰਜਾਬੀ। ਸ਼ੈਤਾਨ ਦਾ ਪਿੱਛਾ ਕਰਦੇ, ਮਨੀਪੁਰ ਤੋਂ ਉੱਤਰਾਖਾਂਡ ਤੱਕ ਆ ਗਏ। ਰਾਹ ਵਿਚ ਇਕ ਹੋਰ ਸ਼ੇਰ ਫੰਧ ਨਾਲ ਫੜ ਲਿਆ ਸੀ। ਬੰਦੇ ਖ਼ੁਸ਼ ਸੀ, ਪਰ ਕੂ ਪੱਕਾ ਸੀ ਪਿੱਛਾ ਕਰਨ ਦਾ। ਆਮ ਤਾਂ ਹੁਣ ਤੱਕ ਕੁੜਿਕੀ'ਚ ਫੜ ਲੈਣਾ ਸੀ, ਪਰ ਸ਼ੈਤਾਨ ਕੇਵਲ ਦਿਨੇ ਬਾਹਰ ਆਉਂਦਾ ਸੀ, ਅਤੇ ਹਮੇਸ਼ਾ ਜੰਗਲ ਦੀ ਅੱਸੀ ਕੋਲੇ। ਕੂ ਦੇ ਟੋਲੇ ਕੋਲ਼ ਕਈ ਤਰੀਕੇ ਸਨ ਸ਼ੇਰ ਨੂੰ ਫੜਣ ਦੇ। ਆਮ ਕੁੜਿਕੀ ਵਰਤਦੇ ਸੀ, ਜੰਗਲ'ਚ ਤਿਆਰ ਕਰਕੇ ਰੱਖੀ ਹੁੰਦੀ ਸੀ। ਕਦੇ ਕਦੇ ਇਕ ਵੱਡੇ ਫੰਧ'ਚ ਫੜ ਲੈਂਦੇ ਸੀ। ਧਾਤ ਦਾ ਰੱਸਾ ਵਰਤਦੇ ਸੀ। ਪੂਰਾ ਦਿਨ ਲੱਗ ਜਾਂਦਾ ਸੀ ਸਭ ਕੁੱਝ ਸੈਟ ਅੱਪ ਕਰਨ ਲਈ। ਪਹਿਲਾਂ ਟੋਹ ਲੈਣੀ ਇਕ ਦੋ ਬੰਦੇ ਥਾਂ ਨੂੰ ਚੈਕ ਕਰਨ ਜਾਂਦੇ ਸਨ। ਮੂਤ ਦੀ ਨਿਸ਼ਾਨੀ ਲਭਦੇ ਸੀ; ਹਰਨ, ਮੱਝ ਜਾਂ ਹੋਰ ਜਾਨਵਰ।

ਫਿਰ ਇਕ ਟੋਆ ਗੱਡ ਦਿੰਦੇ ਸੀ, ਜਿਸ ਉਪਰ ਰੁੱਖਾਂ ਦੀਆਂ ਟਾਹਣੀਆਂ ਜਾਂ ਪਤਰਾਲ਼ ਰੱਖ ਕੇ ਲੁਕੋ ਦਿੰਦੇ ਸੀ। ਖੱਡੇ ਦੇ ਨੇੜੇ ਇਕ ਲਚਕਦਾਰ ਪੇੜ ਨੂੰ ਕਮਾਨੀ ਬਣਾ ਕੇ, ਕੜਿੱਕੀ ਉੱਤੇ ਨਿੱਕੀ ਲੱਕੜੀ ਧਰ ਦਿੰਦੇ। ਜਦ ਸ਼ੇਰ ਪੈਰ ਰੱਖਦਾ, ਫੰਧ ਗਿੱਟੇ ਉੱਤੇ ਕੱਸ ਜਾਂਦਾ ਸੀ। ਫੰਧ ਤਾਰ ਤੋਂ ਬਣਾਇਆ ਹੁੰਦਾ ਏ। ਲੱਕੜੀ ਭਾਰ ਨਾਲ ਟੁੱਟ ਜਾਂਦੀ ਹੈ, ਅਤੇ ਸ਼ੇਰ ਨੂੰ ਪਿੱਛੇ ਹੋਣ ਦਾ ਮੌਕਾ ਨਹੀਂ ਮਿਲਦਾ। ਕਦੀ ਕਦੀ ਗਿੱਚੀ ਕੱਸਣ ਵਾਲੀਆਂ ਕੜਿੱਤੀਆਂ ਤਿਆਰ ਕਰਦੇ ਨੇ। ਆਮ ਦੋ ਡੰਡੀਆਂ, ਇਕ ਸੌ ਤੀਹ ਸੈਂਟੀਮੀਟਰ ਲੰਬੀਆਂ ਨੂੰ ਸੱਠ ਸੈਂਟੀਮੀਟਰ ਦੇ ਫਾਸਲੇ 'ਤੇ ਗੱਡ ਕੇ, ਫੁਲਾਦੀ ਤਾਰ ਲਾ ਦਿੰਦੇ ਨੇ। ਦਰੱਖਤ ਹਮੇਸ਼ਾ ਛੋਟਾ ਹੁੰਦਾ ਨੇ, ਪਰ ਤਕੜਾ ਵੀ, ਸ਼ੇਰ ਦੇ ਭਾਰ ਨੂੰ ਸਹਾਰਣ ਲਈ। ਬੰਦੇ ਵਾਂਗ ਸ਼ੇਰ ਨੂੰ ਪਿੱਛਲੇ ਪੱਬਾਂ ਉੱਤੇ ਖਲੋ ਦਿੰਦੇ ਸੀ। ਸ਼ੇਰ ਕੁੱਝ ਨਹੀਂ ਕਰ ਸਕਦਾ। ਜੇ ਇਹ ਤਰੀਕਾ ਨਹੀਂ ਕੰਮ ਕਰ ਸਕਦਾ, ਜਹਿਰ ਵਰਤ ਦੇ ਨੇ। ਕੋਈ ਮੁਰਗੀ ਦੇ ਪੇਟ ਵਿਚ ਜਹਿਰ ਭਰ ਦਿੰਦੇ ਨੇ। ਇਹ ਫਿਰ ਉਥੇ ਧਰ ਦਿੰਦੇ ਨੇ, ਜਿਥੇ ਪਤਾ ਨੇ ਸ਼ੇਰ ਹੋਵੇਗਾ। ਦੂਜਾ ਤਰੀਕਾ ਨੇ ਸ਼ੇਰ ਦੀ ਭਾਲ ਦੇ ਮੁਤਰਾੜ ਵਿਚ ਵਿੱਸ ਪਾ ਦਿੰਦੇ ਨੇ। ਥੋੜੇ ਦਿਨ ਬਾਅਦ ਜੇ ਵਾਪਸ ਆਉਂਦੇ, ਸ਼ੇਰ ਦੀ ਲਾਸ਼ ਡਿੱਗੀ ਪਈ ਹੁੰਦੀ ਏ। ਇਹ ਸਭ ਤਰੀਕੇ ਸ਼ੈਤਾਨ ਮਾਰਨ ਵਾਸਤੇ ਵਰਤਦੇ ਹਨ। ਅੱਜ ਤੱਕ ਕਾਮਯਾਬ ਨਹੀਂ ਹੋਏ। ਇਕ ਪ੍ਰੋਬਲਿਮ ਸੀ, ਸ਼ੈਤਾਨ ਕੇਵਲ ਦਿਨੇ ਤੁਰਦਾ ਫਿਰਦਾ ਸੀ, ਮਧੋਲੇ-ਤਸਕਰ ਸਿਰਫ ਰਾਤ ਨੂੰ।

ਕੱਲ, ਰਾਤ ਚੜ੍ਹਣ ਤੋਂ ਇਕ ਘੰਟਾ ਪਹਿਲਾਂ, ਸ਼ੈਤਾਨ ਦਿਸ ਗਿਆ ਸੀ, ਗੋਲੀ ਚਲਾਈ, ਪਰ ਬਚ ਗਿਆ। ਗੋਲੀ ਨਾਲ ਜਖਮ ਹੋ ਗਿਆ ਸੀ, ਲਹੂ ਲਹਾਨ ਹੋ ਗਿਆ। ਸ਼ੈਤਾਨ ਦੀ ਸੀਰ ਫੁੱਟਣੀ ਉਨ੍ਹਾਂ ਨੂੰ ਸੜ੍ਹਕ ਤੱਕ ਲੈ ਗਈ। ਰੱਤ ਦਾ ਰੰਦ ਰੋਡ ਮੱਧੇ ਰੁਕ ਗਿਆ। ਓਥੋਂ ਬਾਅਦ ਪੈੜ ਖਤਮ ਹੋ ਗਈ। ਸੜਕ ਉੱਤੇ ਇਕ ਟ੍ਰੇਲੱਰ ਹੀ ਸੀ। ਜੇ ਉਨ੍ਹਾਂ ਨੂੰ ਟ੍ਰੇਲੱਰ ਵਾਲਿਆਂ ਨੇ ਵੇਖ ਲਿਆ, ਪਾਰਕ ਰੇਂਜਰ ਜਾਂ ਪੁਲਸ ਨੂੰ ਪਤਾ ਲੱਗ ਜਾਣਾ ਸੀ। ਖੁਫੀਆ ਪੁਲਸ ਤਾਂ ਉਨ੍ਹਾਂ ਮਗਰ ਖੁਦ ਸ਼ਿਕਾਰ ਕਰਦੀ ਸੀ। ਇਸ ਕਰਕੇ ਸ਼ੈਤਾਨ ਬਚ ਗਿਆ। ਪਰ ਕੂ ਪੱਕਾ ਸੀ ਇੱਧਰ ਕਿੱਥੇ ਅੱਗ ਲਾਉਣਾ ਸ਼ੇਰ ਸੀ। ਅਜੀਬ ਗੱਲ ਸੀ ਕਿ ਸ਼ੇਰ ਇਨਾਂ ਦੂਰ ਆ ਗਿਆ। ਜਿਵੇਂ ਕੇਹਰ ਨੂੰ ਪਤਾ ਸੀ ਕਿ ਤਸਕਰ ਪਿੱਛਾ ਕਰਦੇ ਸੀ।

ਕੂ ਸਣੇ ਪੰਜ ਤਸਕਰ ਅੱਗ ਅੱਗੇ ਬੈਠੇ ਸਨ। ਚੈਂਗ ਕੂ ਵਾਂਗ ਚੀਨਾ ਸੀ। ਲੰਮਾ ਸਲੰਮਾ ਸੀ, ਰੰਗ ਗੋਰਾ, ਪਿੰਡਾ ਲੋਹੇ ਵਾਂਗ। ਸਿਰ ਉੱਤੇ ਚੂੰਞ ਵਾਲੀ

ਟੋਪੀ ਪਾਈ ਸੀ। ਤੀਜਾ ਬੰਦਾ ਵੀ ਦੇਸੀ ਨਹੀਂ ਸੀ, ਨਾ ਚੀਨਾ। ਉਸਦਾ ਨਾਂ ਖੁੰਢਾਸੀ ਸੀ, ਅਤੇ ਓਹ ਹਬਸ਼ੀ ਸੀ। ਮਧਰ ਸੀ, ਗੰਜਾ ਵੀ। ਖੁੰਢਾਸੀ ਦਾ ਉਪਨਾਮ "ਢਾਸੀ" ਸੀ। ਸਾਰੇ ਇਸ ਨਾਂ ਨਾਲ ਉਸ ਨੂੰ ਬੋਲਾਂਦੇ ਸਨ। ਢਾਸੀ ਹਮੇਸ਼ਾ ਫੌਜੀ ਕੱਪੜਿਆਂ'ਚ ਹੁੰਦਾ ਸੀ। ਜੰਘ ਉੱਤੇ ਮਿਆਨ ਬੰਨ੍ਹੀ ਸੀ, ਜਿਸ ਵਿਚ ਲੰਮੀ ਕਟਾਰ ਸੀ। ਅੱਗਲਾ ਬੰਦਾ ਬੰਗਾਲੀ ਸੀ। ਬੰਗਾਲੀ ਦਾ ਨਾਂ ਅਜੋਹੇ ਬਾਸੂ ਸੀ। ਸਿਰ ਮੋਟਾ ਸੀ, ਫੁੱਟਬਾਲ ਵਾਂਗ, ਧੜ ਦਾ ਰੂਪ ਮਤੀਰੇ ਵਰਗਾ ਸੀ, ਢਿੱਡ ਹਮੇਸ਼ਾ ਅੰਗਰਖੇ'ਚੋਂ ਬਾਹਰ ਵਧਦਾ ਸੀ। ਆਖਰੀ ਆਦਮੀ ਦਾ ਨਾਂ ਰਘਬੀਰ ਗਣਹੀਣ ਸੀ। ਰਘਬੀਰ ਸਰਦਾਰ ਸੀ। ਕਾਲੀ ਪੱਗ ਹੇਠ ਸਾਬਤ ਸੂਰਤ, ਹਮੇਸ਼ਾ ਕਾਲੇ ਕੱਪੜੇ ਪਾਏ ਹੁੰਦੇ ਸੀ। ਦਾੜ੍ਹੀ ਵੀ ਕਾਲੀ, ਅੱਖਾਂ ਵੀ ਕਾਲੀਆਂ। ਦਿਲ ਵੀ ਕਾਲਾ ਸੀ, ਕਿਉਂਕਿ ਪੈਸੇ ਲਈ ਆਵਦੇ ਮੁਲਕ ਦੇ ਸ਼ੇਰ ਵਿਦੇਸੀਆਂ ਲਈ ਮਾਰਨ ਨੂੰ ਤਿਆਰ ਸੀ। ਹਰੇਕ ਇੰਡਿਅਨ ਵਾਂਗ ਲਾਲਚੀ ਸੀ, ਪੈਸੇ ਲਈ, ਧਨ ਲਈ। ਲੋਕਾਂ ਦੇ ਕੱਪੜੇ ਲਾਹ ਦਿੰਦਾ ਸੀ, ਪਰਵਾਸੀਆਂ ਦੀ ਹਜਾਮਤ ਕਰ ਦਿੰਦਾ ਸੀ; ਸੱਚੇ ਸੁੱਚੇ ਲੋਕਾਂ ਨੂੰ ਲੁੱਟਦਾ ਸੀ। ਪੈਸੇ ਲਈ ਸ਼ੇਰਾਂ ਨੂੰ ਮਾਰਨ ਦੀ ਗੱਲ ਕੀ ਸੀ? ਸਾਰਿਆਂ ਤੋਂ ਮੱਲ ਆਦਮੀ ਸੀ, ਭਲਵਾਨ ਅਤੇ ਖੜਦੁੰਬਾ। ਉਪਰੋਂ ਲੋਕਾਂ ਨੂੰ ਸਾਧੂ ਲੱਗਦਾ ਸੀ, ਪਰ ਆਵਦੇ ਕੱਪੜਿਆਂ ਤੋਂ ਵੀ ਕਾਲਾ ਸੀ। ਪਰ ਰਘਾ ਵੀ ਕੂ ਤੋਂ ਡਰਦਾ ਸੀ।

ਕੂ ਦੇ ਸਾਹਮਣੇ ਭਾਂਬੜ ਨੱਚਦਾ ਮਚਦਾ ਸੀ, ਜਿਸ ਦੇ ਪਿੱਛੇ ਉਸਦਾ ਮੁੱਖੜਾ ਲਾਲ ਲੱਗਦਾ ਸੀ ਅਤੇ ਅੱਖਾਂ ਰੱਤ ਰੰਗੀਆਂ ਲੱਗਦੀਆਂ ਸਨ। ਵਣ ਦੀ ਗਰਮੀ ਵਿਚ ਸੀਰ ਮੱਥੇ'ਚੋਂ ਫੁੱਟਦਾ ਸੀ। ਕੂ ਦੀਆਂ ਅੱਖਾਂ ਬਾਜ਼ ਦਿਆਂ ਨੈਣਾਂ ਵਾਂਗ ਸਨ; ਨੱਕ ਤਿੱਖਾ ਪਰ ਫੀਨਾਂ ਅਤੇ ਮੂੰਹ ਹੈਂਸਿਆਰਾ। ਸੰਗ ਦਿਲ ਵਾਲਾ ਬੰਦਾ ਸੀ। ਉਸਦਾ ਪਿੰਡਾ ਛਟਿਕਾ ਸੀ, ਸਿਰ ਲੰਬਾ ਅਤੇ ਚੌੜਾ। ਜਿੱਥੇ ਬਾਂਹ ਹੁੰਦੀ ਸੀ ਮਸਨੂਈ ਅੰਗ ਸੀ। ਜਿੱਥੇ ਹੱਥ ਸੀ, ਹੁਣ ਯੰਤਰਿਕ ਘੁੰਡੀ ਸੀ। ਹਾਨ ਕੂ ਨੇ ਆਦਤ ਬਣਾ ਲਈ ਸੀ ਖੱਬੇ ਹੱਥ ਨਾਲ ਤੁਫੰਗ ਚਲਾਣ ਦੀ। ਘੁੰਡੀ'ਤੇ ਉਂਗਲੀਆਂ ਸਨ, ਬਾਚੀ ਵਾਂਗ, ਤਿੱਖੇ ਫਲ। ਖਾਕੀ ਕਮੀਜ਼ ਪਾਈ ਸੀ, ਅਤੇ ਅੰਗੂਰੀ ਪਤਲੂਣ। ਖੱਬੀ ਅੱਖ ਦੇ ਹੇਠ, ਨਦੀ ਟਾਂਕਿਆਂ ਦੀ ਸੀ, ਬੁੱਲ੍ਹ ਤਕ। ਹਾਲੇ ਟਾਂਕੇ ਤਾਜ਼ੇ ਸਨ। ਰਾਤ ਛੀਵੇਂ ਆਦਮੀ, ਲੀਹ ਨਾਲ ਝਗੜਾ ਹੋਇਆ ਸੀ। ਓਹ ਬੰਦਾ ਵੀ ਚੀਨਾ ਸੀ। ਲੀਹ ਅੱਕ ਗਿਆ ਸੀ ਸ਼ੈਤਾਨ ਦਾ ਪਿੱਛਾ ਕਰਦਾ ਕਰਦਾ। ਝੇੜੇ ਵਿਚ ਕੂ ਨੇ ਆਵਦੀ ਘੁੰਡੀ ਨਾਲ ਲੀਹ ਦਾ ਗਲਾ ਕੱਟ ਦਿੱਤਾ। ਇਸ ਕਰਕੇ ਸਾਰੇ ਚੁੱਪ ਚਾਪ ਬੈਠੇ ਸਨ।

" ਅਜੀਬ ਗੱਲ ਹੈ ਕਿ ਸ਼ੈਤਾਨ ਦੇ ਨਕਸ਼ੇ ਕਦਮ ਪੰਜ ਪੈਰ ਦੀ ਉਂਗਲੀਆਂ ਦਾ ਠੱਪਾ ਲਾਉਂਦੇ ਸਨ। ਬਹੁਤ ਅਜੀਬ। ਇਕ ਪਾਸੇ ਸ਼ੈਤਾਨ ਦਾ ਪਿੱਛਾ ਕਰਨਾ ਸੌਖਾ ਵੀ ਹੈ। ਪਰ ਬਹੁਤ ਅਜੀਬ ਗੱਲ ਹੈ। ਮੈਂ ਇਹ ਵੀ ਸੋਚਦਾ ਹਾਂ, ਇਹ ਸ਼ੇਰ ਕਿਉਂ ਅਪਣੀ ਸ਼ਿਕਾਰਗਾਹ ਤੋਂ ਐਨਾਂ ਬਾਹਰ ਆ ਗਿਆ। ਓੱਥੇ ਆਮ ਭਾਲ ਸੀ। ਸੱਚ ਮੁੱਚ ਸਾਤੋਂ ਡਰ ਕੇ ਇਧਰ ਆ ਗਿਆ? ਨਾਲੇ ਹਮੇਸ਼ਾ ਜੰਗਲ ਦੇ ਕੰਢੇ ਕੋਲ ਰਹਿੰਦਾ? ਕਿਉਂ? ਕੀ ਤੁਹਾਡਾ ਖਿਆਲ? ਕੋਈ ਦੂਰ ਦੀ ਸੁੱਝਣੀ ਸੋਚਣੀ ਹੈ?"।

ਢਾਸੀ ਬੋਲਿਆ, ਅੰਦੇਸ਼ੇ ਨਾਲ, " ਸ਼ੈਤਾਨ ਦਾ ਸ਼ਿਕਾਰ ਹਮੇਸ਼ਾ ਜੰਗਲ ਦੇ ਗੱਭੇ ਹੁੰਦਾ, ਕਹਿਣ ਦਾ ਮਤਲਬ ਲਾਸ਼ ਜੰਗਲ ਵਿਚ ਡੂੰਘੇ ਥਾਂ ਹੀ ਪਈ ਹੁੰਦੀ ਏ, ਪਰ ਉਸ ਦੇ ਕਦਮ ਹਰ ਘੜੀ ਸੜਕ ਤਕ ਆ ਕੇ ਅਲੋਪ ਹੋ ਜਾਂਦੇ ਨੇ"।

" ਹਾਂ। ਹੈਰਾਨੀ ਨ੍ਹੀਂ ਹੁੰਦੀ? ਕਿਸੇ ਕੋਲੇ ਕੋਈ ਫੁਰਨਾ ਨਹੀਂ?", ਹਾਨ ਨੇ ਆਲੇ ਦੁਆਲੇ ਵੇਖ ਕੇ ਆਖਿਆ। ਉਸ ਦੇ ਚਸ਼ਮ ਰਘਾ ਉੱਤੇ ਰੁਕੇ।

ਰਘਾ ਨੇ ਖ਼ੌਫ ਦਾ ਜਵਾਬ ਦਿੱਤਾ। " ਸਰਕਾਰ, ਹੋ ਸਕਦਾ ਆਮ ਸ਼ੇਰ ਨਹੀਂ ਹੈ। ਹੋ ਸਕਦਾ ਕੋਈ ਜਾਦੂਗਰ ਹੈ ਜਿਸ ਨੇ ਸ਼ੇਰ ਦਾ ਰੂਪ ਲੈ ਲਿਆ। ਜਾਂ ਕੋਈ ਅਣੋਖੀ ਸ਼ੇਰ-ਬੰਦਾ। ਸੋਚੋ, ਪੰਜ ਉਂਗਲੀਆਂ ਦਾ ਠੱਪਾ ਲਾਉਂਦਾ। ਆਮ ਸ਼ੇਰ ਦੇ ਪੰਜੇ ਇਵੇਂ ਹੁੰਦੇ?"। ਰਘਾ ਨੇ ਭਰਵੀਂ ਨਿਗ੍ਹਾ ਨਾਲ ਸਭ ਵੱਲ ਦੇਖਿਆ। ਸਾਰੇ ਖਮੋਸ਼ ਹੋ ਗਏ। ਪਰ ਬਿੰਦ ਕੁ ਬਾਅਦ ਅਜੋਹੇ ਨੇ ਆਖਿਆ, " ਰਘਿਆ ਤੇਰੀ ਛਾਗਲ'ਚ ਕੀ ਏ? ਜੋ ਹੈ, ਮੈਂ ਵੀ ਪੀ ਸਕਦਾ ਹਾਂ?"। ਇਸ ਖਿੱਲੀ ਉਡਾਣ 'ਤੇ ਸਾਰੇ ਹੱਸਨ ਲੱਗ ਪਏ। ਅਜੋਹੇ ਛੇਡ ਕਰਨ ਵਾਲਾ ਸੀ। ਪਰ ਰਘੇ ਤੋਂ ਅਹੀ ਤਹੀ ਸਿਹਾਰ ਨਹੀਂ ਹੋਈ। ਖਿੱਝ ਵਿਚ ਰਘੇ ਨੇ ਅਜੋਹੇ ਨੂੰ " ਤੇਰੀ ਮਾਂ ਦੀ...", ਕਹਿ ਕੇ ਥੱਪੜ ਮਾਰ ਦਿੱਤਾ। ਦੋਨੋਂ ਲੜਣ ਲੱਗ ਪਏ। ਚੈਂਗ ਨੇ ਟਾਲਣ ਦੀ ਕੋਸ਼ਿਸ਼ ਕੀਤੀ, ਪਰ ਹਾਨ ਕੂ ਨੇ ਉਸਦੇ ਮੂਹਰੇ ਬਾਂਹ ਕਰ ਦਿੱਤੀ। " ਲੜ ਲੈਣ ਦੇ। ਇਹ ਇੰਡਿਅਨ ਕੁੱਤੇ ਆਪਸ ਵਿਚ ਹੀ ਬਹਿਸ ਕਰਨਾ ਜਾਣਦੇ"।

" ਰਘੇ ਨੇ ਅਜੋਹੇ ਨੂੰ ਮਾਰ ਦੇਣਾ",

" ਹੋ ਸਕਦਾ। ਜਿਹੀ ਕਰਨੀ, ਤੇਹੀ ਭਰਨੀ। ਫਿਰ ਵੀ ਰਘਾ ਗਲਤ ਨਹੀਂ ਹੈ। ਮੈਂ ਆਵਦੀ ਜਿੰਦਗੀ ਵਿਚ ਬਹੁਤ ਅਜੀਬ ਚੀਜ਼ਾਂ ਵੇਖੀਆਂ। ਸ਼ੈਤਾਨ ਨੂੰ ਫੜਣ ਲਈ ਸਾਨੂੰ ਕਾਇਮ ਰਰਿਣਾ ਚਾਹੀਦਾ। ਪੂਰਨਿਆਂ'ਤੇ ਚੱਲਣਾ", ਕੂ ਦੇ ਹੋਠਾਂ ਉੱਤੇ ਮੁਸਕਣੀ ਦਾ ਝਲਕਾਰਾ ਦਿਸਿਆ। " ਬਹੁਤ ਮਜ਼ਾ

ਆਊਗਾ, ਬਹੁਤ ਮਜ਼ਾ ਸ਼ੈਤਾਨ ਨਾਲ ਸ਼ਿਕਾਰ ਖੇਡਣ'ਚ। ਨਰਮੀ ਗਰਮੀ ਵਿਚ ਜਰੂਰੂ ਬਦਲਾ ਮਿਲੂਗਾ"। ਜਦ ਕੂ ਨੇ ਹੇਠਾਂ, ਵੇਖਿਆ, ਰਘੇ ਦੇ ਹੱਥ ਅਜੋਹੇ ਦੇ ਗਲਾ ਘੁਟਦੇ ਸਨ। ਕੂ ਨੇ ਰਘੇ ਦੀ ਢੂਈ 'ਤੇ ਪੈਰ ਮਾਰਿਆ। ਰਘਾ ਆਵਦੇ ਮੂੰਹ ਭਾਰ ਡਿੱਗ ਪਿਆ।

" ਦੇਸੀ ਕੁੱਤੇ। ਕੱਲ੍ਹ ਤੋਂ ਅਸੀਂ ਦਿਨੇ ਪਿੱਛਾ ਕਰਾਂਗੇ। ਅਜੋਹੇ ਤੂੰ ਸਾਡੇ ਲਈ ਦੇਸੀ ਕੱਪੜਿਆਂ ਦਾ ਇੰਤਜ਼ਾਮ ਕਰ। ਰਘਿਆ ਮੈਂ ਬਿਬੇਕੀ ਬੰਦਾ ਹਾਂ। ਪਰ ਅੱਜ ਤੇਰੀ ਥਿਊਰੀ ਵੇਖਲਾਂਗੇ। ਕਿਉਂ ਚੈਂਗ ਅਸੀਂ ਭੂਤਾਂ'ਚ ਮਨੀਏ?"॥

**ਕ**

"ਕਿਸਮਤ ਕਿੰਨ੍ਹੀ ਅਜੀਬ ਚੀਜ਼ ਹੈ", ਸੀਮਾ ਸੋਚ ਰਹੀ ਸੀ, ਜਦ ਉਸ ਨੇ ਵੈਨ ਦੀ ਬਾਰੀ'ਚੋਂ ਬਾਹਰ ਮੰਗਤੀ ਵੇਖੀ ਸੀ। ਰਾਤ ਦੇ ਦਸ ਵੱਜੇ ਸੀ। ਓਂਕਾਰ ਅੱਜ ਵੀ ਦਿਨੇ ਕਿਤੇ ਗਿਆ ਸੀ। ਪਹਿਲਾਂ ਵਾਂਗ ਉਨ੍ਹੇ ਸੀਮਾ ਨੂੰ ਅੱਜ ਵੀ ਕੱਲੀ ਛੱਡਿਆ ਸੀ, ਪਰ ਆਵਦਾ ਇਕਰਾਰ ਪੂਰਾ ਕੀਤਾ। ਹੁਣ ਉੱਤਰਾਖਾਂਡ ਤੋਂ ਬਾਹਰ ਆ ਚੁੱਕੇ ਸਨ। ਹਿਮਾਚਲ ਪਹੁੰਚ ਗਏ ਸਨ ਅਤੇ ਜੰਗਲਾਂ ਨੇੜੇ ਚੱਲਦੇ ਰੇੱਕੋਂਗ ਪਿਓ ਵੱਲ ਜਾਂਦੇ ਸੀ। ਕਿਨੌਰ ਦਾ ਖਾਸ ਨਗਰ ਸੀ। ਸੀਮਾ ਨੇ ਓਂਕਾਰ ਨੂੰ ਆਖਿਆ ਸੀ, " ਸਾਡੀ ਮੰਜ਼ਲ ਕਿੱਥੇ ਹੈ?"। ਓਂਕਾਰ ਨੇ ਉੱਤਰ ਦਿੱਤਾ, "ਪੰਜਾਬ"। ਜਦ ਸੀਮਾ ਨੇ ਫਿਰ ਪੁੱਛਿਆ, "ਕਾਹਤੋਂ?", ਕੋਈ ਜਵਾਬ ਨਹੀਂ ਆਇਆ। ਸੀਮਾ ਨੇ ਫਿਰ ਮਸ਼ਵਰਾ ਦਿੱਤਾ, " ਅਸੀਂ ਸ਼ਿਮਲੇ ਸੋਲਨ ਰਾਹੀਂ ਪੰਜਾਬ ਛੇਤੀਂ ਪਹੁੰਚ ਜਾਣਾ"। ਓਂਕਾਰ ਮਾਰਨ ਪਿਆ ਕਹਿੰਦਾ, "ਨਹੀਂ, ਅਸੀਂ ਜੰਗਲਾਂ ਦੇ ਨੇੜੇ ਰਹਿ ਕੇ ਹੀ ਜਾਣਾ"। ਸੀਮਾ ਨੂੰ ਤਾਂ ਇਹ ਔਝੜ ਪੈਣ ਦੀ ਗੱਲ ਲੱਗੀ, 'ਤੇ ਓਂਕਾਰ ਨੂੰ ਆਖਿਆ, "ਕਿਉਂ?"। ਪਹਿਲਾਂ ਜਵਾਬ ਨਹੀਂ ਆਇਆ, ਫਿਰ ਖਰੀ ਖੋਟੀ ਸੀਮਾ ਨੂੰ ਸੁਣਾਈ, " ਮੇਰੀ ਮਰਜ਼ੀ ਏ,ਬਸ"। ਗੱਲ ਅੱਗੇ ਤੁਰੀ ਨਹੀਂ। ਬੰਦਾ ਸੱਚੀਂ ਅਜੀਬ ਸੀ। ਓਂਕਾਰ ਦੇ ਨਿਆਰੇ ਸੁਭਾਵਾਂ ਤੋਂ ਅੱਕ ਗਈ ਸੀ। ਓਂਕਾਰ ਨੇ ਕਿੱਥੇ ਬਦਲਣਾ? ਵਾਦੜੀਆਂ ਸਜਾਦੜੀਆਂ ਜਾਣ ਸਿਰਾਂ ਦੇ ਨਾਲ! ਸੀਮਾ ਓਂਕਾਰ ਨੂੰ ਸੂਗ ਕਰਨ ਲੱਗ ਪਈ। ਪਰ ਸੀਮਾ ਦੀ ਬਰਾਤ ਇਸ ਬੰਦੇ ਨਾਲ ਸੀ। ਕਿਸਮਤ ਕਿੰਨ੍ਹੀ ਅਜੀਬ ਚੀਜ਼ ਸੀ।

ਇਕ ਗੱਲ ਤਾਂ ਸੀ; ਸੀਮਾ 'ਤੇ ਜਕੜਬੰਦ ਹੁਣ ਨਹੀਂ ਸੀ ਬੰਨ੍ਹਦਾ। ਪੰਜ ਦਿਨਾਂ ਬਾਅਦ ਹਿਮਾਚਲ ਪਹੁੰਚੇ ਸੀ। ਪਹਿਲੇ ਦੋ ਦਿਨ ਤਾਕ ਬੰਦ ਕੀਤਾ, ਜੰਜੀਰ ਸੁਟ ਦਿੱਤੀ। ਤੀਜੇ ਦਿਨ ਵੈਨ ਦੀ ਚਾਬੀ ਦੇ ਦਿੱਤੀ ਸੀ। ਸੀਮਾ ਨੇ ਜਾਣਾ ਵੀ ਹੁਣ ਕਿੱਥੇ ਸੀ? ਅਜਾਦੀ ਤਾਂ ਹੁਣ ਸੀ! ਰੋਜ ਬਾਹਰ ਤਾਂ ਨਹੀਂ ਜਾ ਸਕਦੀ ਸੀ। ਇਕ ਕੱਲੀ ਕਲਾਪੀ ਕੁੜੀ ਕੀ ਕਰਦੀ ਸੀ ਸੜਕਾਂ 'ਤੇ ਬੰਦੇ ਤੋਂ ਜਾਂ ਕੋਈ ਵਿਆਹੀ ਹੋਈ ਸੁਆਣੀ ਤੋਂ ਬਗੈਰ? ਸੜੇ ਸਮਾਜ ਨੂੰ ਇਹ ਬਾਤ ਵਿਹੁ ਵਰਗੀ ਸੀ। ਓਂਕਾਰ ਨਾਲ਼ ਹਾਲੇ ਵਿਆਹੀ ਨਹੀਂ ਸੀ। ਸਜ ਵਿਆਹੀ ਦੇ ਆਨੇ ਬਹਾਨੇ ਮੱਥੇ ਉੱਤੇ ਟਿੱਕਾ ਲਾ ਸਕਦੀ ਸੀ। ਫਿਰ ਵੀ ਬਾਹਰ ਜਾ ਕੇ ਆਪਨੂੰ ਹੀਲਣਾ ਕਰਾਵੇਗੀ। ਮੁਟਿਆਰ ਸੜਕਾਂ ਉੱਤੇ ਤੁਰਦੀ ਫਿਰਦੀ ਹਮੇਸ਼ਾ ਖਦਸ਼ੇ'ਚ ਹੁੰਦੀ ਹੈ। ਆਦਮੀ ਦਿਲ ਵਿਚ ਦੁਰਾਚਾਰੀ ਹੁੰਦਾ। ਦੂਜੇ ਪਾਸੇ ਕੋਈ ਰਾਹੀ ਨਾਲ਼ ਆਵਦੇ ਘਰ ਵਾਪਸ ਜਾ ਸਕਦੀ ਵੀ ਸੀ। ਹੁਣ ਕਿਵੇਂ ਓਂਕਾਰ ਰੋਕ ਸਕਦਾ ਹੈ? ਪਰ ਫਿਰ ਕੀ ਹੋਣਾ ਸੀ? ਓਂਕਾਰ ਨੇ ਚਮੋਲੀ ਜਾ ਕੇ ਗੁਸੇ ਵਿਚ ਬਾਪੂ ਨੂੰ ਕੀ ਕਹਿਣਾ? ਕੀ ਕਰਨਾ? ਪੈਸੇ ਵਾਪਸ ਲੈ ਲੈਣੇ? ਬਾਪੂ ਵੀ ਅੜਬ ਸੀ। ਉਨ੍ਹਾਂ ਨੇ ਕਿੱਥੇ ਘਰ ਵੜਣ ਦੇਣਾ ਸੀ? ਇਸ ਤਰ੍ਹਾਂ ਕਈ ਸੋਚਾਂ ਸੀਮਾ ਦੇ ਮਨ ਵਿਚ ਲੰਘੀਆਂ। ਹਾਰਕੇ ਟਿੱਕਾ ਲਾ ਕੇ ਬਾਹਰ ਜਾਣ ਲੱਗ ਪਈ। ਟਾਇਮ ਪਾਸ ਕਰਨ ਲਈ ਕੋਈ ਮੰਡੀ ਜਾਂ ਹੱਟੀ 'ਚ ਚੱਲੇ ਜਾਂਦੀ ਸੀ। ਕਦੇ ਕਦੇ ਮੰਡਪਾਂ ਜਾਂ ਸਰਾਫ਼ ਚੱਲੇ ਜਾਂਦੀ, ਕਦੇ ਬਜਾਜ 'ਤੇ ਜਾਂ ਮਾਲ। ਜਿੱਥੇ ਲੋਕਾਂ ਦਾ ਹਰਲ ਹਰਲ ਹੁੰਦਾ ਸੀ, ਓੱਥੇ ਚੱਲੀ ਜਾਂਦੀ ਸੀ।

ਓਂਕਾਰ ਨੇ ਸੀਮਾ ਦੇ ਖਰਚਾਂ ਲਈ ਹਰ ਘੜੀ ਪੈਸੇ ਪਾਸੇ ਰੱਖੇ ਹੁੰਦੇ ਸੀ। ਸ਼ਾਹੀ ਖਰਚਾ ਸੀ। ਇਸ ਲਈ ਟ੍ਰੇਲੱਰ ਸੀਮਾ ਨੇ ਆਵਦਾ ਬਣਾ ਲਿਆ ਸੀ। ਫਰਿਜ ਚੰਗੇ ਚੋਖੇ ਨਾਲ ਭਰਿਆ ਹੁੰਦਾ ਸੀ। ਸਜਾਵਟ ਵੀ ਆਵਦੇ ਹਿਸਾਬ ਦੀ ਕਰ ਦਿੱਤੀ ਸੀ। ਜਦ ਵੀ ਰਾਤ ਹੋਣ ਤੋਂ ਪਹਿਲਾਂ ਓਂਕਾਰ ਵਾਪਸ ਆਉਂਦਾ ਸੀ, ਸਭ ਕੁੱਝ ਤਾੜਦਾ ਸੀ, ਪਰ ਕੁੱਝ ਨਹੀਂ ਕਹਿੰਦਾ ਸੀ। ਖੁੰਢਾ ਬੰਦਾ ਸੀ। ਪਰ ਹੌਲੀ ਹੌਲੀ ਦੋਨੋਂ ਬਚਨ ਬਿਲਾਸ ਵਿਚ ਪੈ ਜਾਂਦੇ ਸਨ। ਕਈ ਵਾਰੀ ਸੀਮਾ ਨਿਰਲੇਪ ਹੀ ਪੈ ਜਾਂਦੀ ਸੀ। ਓਂਕਾਰ ਦੀ ਗੱਲ ਕੱਥ ਬੋਰਿੰਗ ਲੱਗਦੀ ਸੀ। ਉਂਜ ਓਂਕਾਰ ਦੀ ਆਵਾਜ਼ ਪਿਆਰੀ ਸੀ, ਫਿਰ ਵੀ ਸੀਮਾ ਦਾ ਬੋਲਣ ਦਾ ਚਿੱਤ ਨਹੀਂ ਕਰਦਾ ਸੀ। ਸੀਮਾ ਨੂੰ ਸਾਫ਼ ਦਿੱਸਣ ਲੱਗ ਪਿਆ ਕਿ ਓਂਕਾਰ ਨੇ ਉਸ ਨੂੰ ਸਿਰਫ਼ ਗਿਆਨ ਗੋਸ਼ਟ ਲਈ ਰਖਿਆ ਸੀ। ਹੋਰ ਕੋਈ ਨੀਅਤ ਨਹੀਂ ਸੀ। ਓਂਕਾਰ ਦੇ ਵਾਪਸ ਆਉਂਣ ਤੋਂ ਪਹਿਲਾਂ ਟਿੱਕਾ ਲਾਹ ਦਿੰਦੀ ਸੀ। ਜਦ ਵੀ ਘਰ ਪਰਤ ਆਉਂਦਾ ਸੀ, ਸੀਮਾ ਦਾ ਸਿਰ ਕਿਤਾਬ ਵਿਚ ਸੀ। ਸੀਮਾ ਨੇ ਗੇਲੋ ਪੜ੍ਹ ਲਈ ਸੀ। ਹੁਣ ਸਾਧੂ ਬਿਨਿੰਗ ਦੀ ਜੁਗਤੂ ਪੜ੍ਹ ਰਹੀ ਸੀ।

ਓਂਕਾਰ ਦੇ ਕੋਲ ਤਰ੍ਹਾਂ ਤਰ੍ਹਾਂ ਦੀਆਂ ਕਿਤਾਬਾਂ ਸਨ। ਹਰੇਕ ਵਿਸ਼ੇ'ਤੇ। ਨਿੱਤ ਨਿੱਤ ਹਜ਼ਮ ਕਰਦੀ ਸੀ। ਉਸਦੇ ਖਿਆਲਾਂ ਉੱਤੇ ਅਸਰ ਪੈਣ ਲੱਗ ਗਿਆ। ਕਿਤਾਬਾਂ ਨੇ ਗੁਬਾਰ ਕੱਢ ਦਿੱਤਾ। ਜੋ ਇਸ ਵੇਲੇ ਸੀਮਾ ਦੇ ਮਨ ਵਿਚ ਸੀ, ਉਸ ਕਿਤਾਬਾਂ ਵਿਚ ਸੀ। ਉਸ ਦਾ ਜਿਹਨ ਭੁੱਖਾ ਹੋ ਗਿਆ ਭਾਵਮਈ ਲਈ। ਜੁਗਤੂ ਵਿਚ ਬਹੁਤ ਅਨਰਥ ਵੇਖਿਆ। ਜੁਗਤੂ ਖੁਦ ਖਬੀਸ ਸੀ। ਸੀਮਾ ਨੂੰ ਲੱਗਿਆ ਇਸ ਤਰਾਂ ਦਾ ਬਾਪੂ ਸੀ, ਅਤੇ ਇਸ ਤਰਾਂ ਦਾ ਓਂਕਾਰ ਸੀ। ਸੀਮਾ ਨੂੰ ਲੱਗਿਆ ਕਿ ਉਸ ਦੇ ਜੀਵਨ ਦਾ ਕੋਈ ਮੁੱਲ ਨਹੀਂ ਸੀ। ਕੋਈ ਤੀਵੀਂ ਦਾ ਮੁੱਲ ਨਹੀਂ ਸੀ। ਬੰਦੇ ਦੇ ਖਡੌਣੇ ਸੀ। ਖੁਦ ਉਧਾਲ਼ਾ ਸੀ, ਜਿਸ ਨੇ ਆਖਿਆ ਵੀ ਨਹੀਂ ਸੀ ਇਸ ਓਂਕਾਰ ਨਾਲ ਰਹਿਣਾ। ਓਂਕਾਰ ਹਰ ਰਾਤ ਗੱਲਾਂ ਕਰਨਾ ਚਾਹੁੰਦਾ ਸੀ। ਹੁਣ ਇਹ ਕਿਤਾਬਾਂ ਪੜ੍ਹ ਕੇ ਉਸ ਨਾਲ਼ ਬਹਿਸ ਕਰਨ ਨੂੰ ਤਿਆਰ ਸੀ। ਸੀਮਾ ਦੀ ਨਜ਼ਰ'ਚ ਓਂਕਾਰ ਜੁਗਤੂ ਹੀ ਸੀ। ਇਕ ਵਾਰੀ ਪਿਆਰਾ ਪਿਓ ਭੜੂਆ। ਹੁਣ ਬਾਹਰ ਚਿੱਚੜ ਵੱਲ ਝਾਕਦੀ, ਪਟਰੋਲ ਸਟੇਸ਼ਨ ਵਿਚ, ਸੋਚ ਰਹੀ ਸੀ ਕਿ ਓਂਕਾਰ ਨਾਲ਼ ਸਿੰਗ ਮਿਲਾਊਂਗੀ।

ਓਂਕਾਰ ਬਾਹਰ ਖਲੋਤਾ ਹਿੰਦੁਸਤਾਨ ਪਟਰੋਲ ਭਰਦਾ ਸੀ। ਬਾਰੀ ਦੇ ਬਾਹਰ ਸੀਮਾ ਤੋਂ ਕੁੜੀ ਭਿੱਖ ਮੰਗਦੀ ਸੀ। ਪਹਿਲਾਂ ਅੱਖ ਨਾ ਚੁੱਕੀ; ਦੂਜੇ ਪਾਸੇ ਤੱਕੀ। ਫਿਰ ਸ਼ਰਮ ਨੇ ਨਜ਼ਰ ਮੰਗਤੀ ਵੱਲ ਵਾਪਸ ਲਿਆਂਦੀ। ਮੰਗਤੀ ਵੱਲ ਵੇਖ ਕੇ ਇਕ ਪਾਸੇ ਤਰਸ ਆਇਆ, ਪਰ ਦੂਜੇ ਪਾਸੇ ਮਨ ਵਿਚ ਓਂਕਾਰ ਦੀ ਗੱਲ ਆਈ; "ਇਨ੍ਹਾਂ ਦਾ ਪੇਸ਼ਾ ਇਹ ਹੀ ਹੈ, ਕੰਮ ਚੋਰ ਲੋਕ ਹੈ, ਧੋਖੇਬਾਜ਼ ਹਨ"। ਮੰਗਤੀ ਦਾ ਚੇਹਰਾ ਨਸਵਾਰੀ ਸੀ, ਗੋਲ ਅਤੇ ਰੋਡਾ। ਪੋਪਲੇ ਮੂੰਹ ਉੱਤੇ ਮੱਖੀਆਂ ਤੁਰਦੀਆਂ ਫਿਰਦੀਆਂ ਸਨ। ਨਿਆਣੀ ਸੀ, ਮਸਾਂ ਗਿਆਰਾਂ ਸਾਲਾਂ ਦੀ ਸੀ। ਹੱਥ ਜੋੜ ਕੇ ਭਿੱਖ ਮੰਗੀ ਗਈ, ਮੁੱਖੜਾ ਗਿੜਗਿੜਾਉਂਦਾ ਸੀ। ਮੈਲਾ ਮੁੱਖ ਅਤੇ ਲਿਬੜੇ ਲੀੜੇ ਵੇਖ ਕੇ ਸੀਮਾ ਨੂੰ ਉਸ ਤੇ ਤਰਸ ਆਉਂਦਾ ਸੀ। ਪਰ ਜਦੋਂ ਮੰਗਤੀ ਨੇ ਵੇਖਿਆ ਸੀਮਾ ਨੇ ਕੁੱਝ ਦੇਣਾ ਨਹੀਂ ਸੀ, ਓਹ ਅੱਗਲੀ ਗੱਡੀ ਵੱਲ ਤੁਰ ਪਈ।

ਜਦ ਕਿਸੇ ਨੇ ਕੁੜੀ ਨੂੰ ਕੁੱਝ ਦਿੱਤਾ ਨਹੀਂ, ਮੰਗਤੀ ਭਿਖਾਰੀਆਂ ਦੇ ਟੋਲੇ'ਚ ਸ਼ਾਮਲ ਹੋ ਗਈ। ਜਿੱਥੇ ਅੱਥਰੂ ਸਨ, ਹੁਣ ਸੁੱਕੀਆਂ ਅੱਖਾਂ ਸਨ; ਜਿੱਥੇ ਮੂੰਹ ਉੱਤੇ ਦੁੱਖ ਦਿਖਾਉਂਦੀ ਸੀ, ਹੁਣ ਹਾਸੇ ਸਨ। ਟੋਲੇ ਵਿਚ ਖੜ੍ਹੀ ਹੱਸਦੀ ਸੀ। ਕਿਸੇ ਜਾਚਕ ਨੇ ਕੁੜੀ ਨੂੰ ਤਮਾਕੂ ਦੀ ਪੀੜ੍ਹੀ ਫੜਾ ਦਿੱਤੀ ਸੀ। ਖ਼ੁਸ਼ ਹੋ ਕੇ ਪੀਂਦੀ ਸੀ। ਟੋਲੇ ਵਿਚ ਖੜ੍ਹੀ ਹੱਸਦੀ ਸੀ। ਸੀਮਾ ਨੂੰ ਖਿੱਝ ਫੁੱਟ ਗਈ। ਲੋਕ ਉਪਰੋਂ ਕੀ ਅਤੇ ਅੰਦਰੋਂ ਕੀ! ਸੀਮਾ ਨੂੰ ਦੁੱਖ ਲੱਗਿਆ ਕਿ ਇਹ ਸਭ ਨਾਟਕ ਸੀ!

ਟੇਪ ਗਾ ਰਹੀ ਸੀ, ਨੂਰ ਜਹਾਨ ਦੀ ਆਵਾਜ਼'ਚ, " ਕਹਿੰਦੇ ਨੇ ਨੈਣਾਂ, ਤੇਰੇ ਬਿਨ ਨਹੀਂ ਰਹਿੰਨਾ"। ਬਾਹਰ ਓਂਕਾਰ ਛਤਰੀ 'ਤੇ ਜਾ ਕੇ ਪੈਸੇ ਦਿੰਦਾ ਸੀ। ਸੀਮਾ ਨੇ ਉਸ ਵੱਲ ਤੱਕਿਆ। ਹਰੇਕ ਰਾਤ, ਪਹਿਲੀ ਰਾਤ ਤੋਂ ਵੱਧ ਜਵਾਨ ਜਾਪਦਾ ਸੀ। ਬਹੁਤ ਨਿਆਰੀ ਗੱਲ ਸੀ। ਬਹੁਤ ਨਿਆਰੀ! ਉਸ ਦੀ ਆਵਾਜ਼, ਜਿਨ੍ਹਾਂ ਮਰਜ਼ੀ ਸੀਮਾ ਉਸ ਨਾਲ਼ ਖਿੱਝਣ ਦੀ ਕੋਸ਼ਿਸ਼ ਕਰਦੀ ਸੀ, ਬਹੁਤ ਸਹਿਜ ਆਵਾਜ਼ ਸੀ। ਜਦ ਓਂਕਾਰ ਬੋਲਦਾ ਸੀ, ਸੀਮਾ ਨੂੰ ਮਹਿਫ਼ੂਜ਼ੀਅਤ ਮਹਿਸੂਸ ਹੁੰਦੀ ਸੀ। ਸ਼ਾਂਤੀ ਆਉਂਦੀ ਸੀ। ਓਂਕਾਰ ਦੀ ਆਵਾਜ਼ ਮਿੱਠੀ ਸੀ, ਸ਼ਹਿਦ ਵਾਂਗ। ਜੇ ਸੀਮਾ ਉਸ ਵੱਲ ਨਹੀਂ ਝਾਕਦੀ, ਅਤੇ ਅੱਖਾਂ ਮੀਟਦੀ, ਕਲਪਨਾ ਵਿਚ ਰੂਪਵਾਨ ਰਾਉ ਦਿੱਸਦਾ ਸੀ। ਬਹੁਤ ਨਿਆਰੀ ਗੱਲ ਸੀ!

ਸੀਮਾ ਚਾਹੁੰਦੀ ਸੀ ਓਂਕਾਰ ਬਾਰੇ ਸਭ ਕੁੱਝ ਜਾਣਨਾ॥

**ਖ**

ਖ਼ਤ ਖਤਮ ਕਰਕੇ ਓਂਕਾਰ ਨੇ ਸੀਮਾ ਵੱਲ ਝਾਕਿਆ। ਸੀਮਾ ਜੁਗਤੂ ਪੜ੍ਹ ਰਹੀ ਸੀ। ਓਂਕਾਰ ਨੂੰ ਪਤਾ ਸੀ ਕਿ ਚੋਰੀ ਛਿਪੇ ਉਹ ਵੀ ਮੇਰੇ ਵੱਲ ਤੱਕ ਰਹੀ ਹੈ।

" ਤੈਨੂੰ ਮੈਂ ਕਿਹਾ ਸੀ ਮੰਗਤਿਆਂ ਵੱਲ ਧਿਆਨ ਨਹੀਂ ਦੇਈਦਾ। ਮੈਨੂੰ ਦਿੱਸਦਾ ਸੀ ਤੇਰੀਆਂ ਅੱਖਾਂ ਵਿਚ ਤੈਨੂੰ ਚੁਬਦਾ, ਤਰਸ ਆਉਂਦਾ। ਗਰੀਬੀ ਪਾਪ ਜਰੂਰ ਹੈ, ਪਰ ਕਈਆਂ ਦਾ ਪੇਸ਼ਾ ਹੈ"।

ਸੀਮਾ ਨੇ ਜੁਗਤੂ ਰੱਖ ਦਿੱਤੀ। ਸਿੱਧਾ ਓਂਕਾਰ ਦੀਆਂ ਅਜੀਬ ਅੱਖਾਂ ਨੂੰ ਆਵਦੀਆਂ ਅੱਖਾਂ ਨਾਲ ਗਡੀਆਂ। " ਲੱਗਦਾ ਤੁਸਾਂ ਵੀ ਜੁਗਤੂ ਦੇ ਭਰਾ ਹੋ। ਇਕ ਪਾਸੇ ਮੇਰਾ ਚਿਤ ਕਰਦਾ ਤੁਹਾਡੇ ਨਾਲ ਬਹਿਸ ਕਰਾਂ, ਕਿ ਇਹਨਾਂ ਖਿਆਲਾਂ ਕਰ ਕੇ ਸਾਡੇ ਮੁਲਕ ਵਿਚ ਅਸੀਂ ਥੁੜ ਦੀ ਪਰਵਾਹ ਨਹੀਂ ਕਰਦੇ।

ਹਮੇਸ਼ਾ ' ਰੱਬ ਰੱਬ' ਕਰਦੇ ਹਾਂ, ਗੁਰੂਆਂ ਦੀਆਂ ਸਿਫਤਾਂ ਕਰਦੇ ਹਾਂ, ਪਰ ਕਦੀ ਉਨ੍ਹਾਂ ਦੀਆਂ ਗੁਰਮਤਾਂ ਤੋਂ ਕੁੱਝ ਨਹੀਂ ਸਿਖਦੇ। ਕਦੇ ਵਿਚਾਰਿਆਂ ਦੀ ਮਦਦ ਨਹੀਂ ਕਰਦੇ। ਦੂਜੇ ਪਾਸੇ ਮੈਨੂੰ ਬਹੁਤ ਗੁੱਸਾ ਲੱਗਿਆ ਜਦ ਮੰਗਤੀ ਆਵਦੇ ਟੋਲੇ ਵੱਲ ਗਈ। ਸਾਫ਼ ਦਿੱਸਦਾ ਸੀ ਸਾਰਾ ਨਾਟਕ ਹੀ ਸੀ"।

" ਤਾਈਂ ਤੈਨੂੰ ਕਿਹਾ ਸੀ ਧਿਆਨ ਨਾ ਦੇਈਂ। ਦੇਖ, ਦੁਖ ਤਾਂ ਮੈਨੂੰ ਵੀ ਲੱਗਦਾ ਗਰੀਬੀ ਦੇਖ ਕੇ। ਪਰ ਸਾਫ਼ ਸੱਚਾਈ ਹੈ ਇਹ ਗੰਦੀ ਦੁਨੀਆ ਏ। ਇਨਸਾਨ ਦੂਜੇ ਇਨਸਾਨ ਦੀ ਕਦੀ ਨ੍ਹੀਂ ਕਦਰ ਕਰਦਾ। ਸਾਡੇ ਮਹਾਨ ਮੁਲਕ'ਚ ਸਾਧੂ, ਰਿਸ਼ੀ, ਗ੍ਰੰਥੀ ਕਈ ਹਨ, ਪਰ ਆਵਦੇ ਹੀ ਢਿੱਡ ਭਰਦੇ ਨੇ। ਦਿਲ ਵਿਚ ਸਭ ਨੂੰ ਪਤਾ ਰੱਬ ਨਹੀਂ ਹੈ, ਸਾਰੇ ਆਪਣੀ ਹੀ ਦੇਖਦੇ ਨੇ। ਕੋਈ ਫਰਿਸ਼ਤਾ ਨਹੀਂ ਹੈ"।

" ਜੇ ਇਹ ਗੱਲ ਹੈ, ਤਸਾਂ ਕਿਉਂ ਮੇਰੇ ਮਾਂ-ਪਿਓ ਦੀ ਮਦਦ ਕੀਤੀ? ਕੀ ਸੱਚ ਮੁੱਚ ਮੈਨੂੰ ਰਖੇਲ ਸਮਝ ਕੇ ਖਰੀਦਿਆ?", ਸੀਮਾ ਨੂੰ ਹਾਲੇ ਵੀ ਗੁੱਸਾ ਸੀ, ਅਤੇ ਆਵਦੇ ਅੰਦਰਲੇ ਦੁੱਖਾਂ ਨੂੰ ਹੁਣ ਨਹੀਂ ਲੁਕੋ ਸਕਦੀ ਸੀ।

" ਇਸ ਦਾ ਮੈ ਤੈਨੂੰ ਇਕ ਵਾਰੀ ਜਵਾਬ ਦੇ ਚੁਕਾਂ। ਤੂੰ ਦਸ, ਅੱਜ ਤਕ ਤੈਨੂੰ ਹੱਥ ਲਾਇਆ? ਨਹੀਂ ਨਾ..."

" ਤੁਸੀਂ ਸਾਫ਼ ਦਸੋ ਅਸੀਂ ਕੀ ਕਰ ਰਹੇ ਹਾਂ, ਅਤੇ ਤੁਸੀਂ ਮੈਨੂੰ ਕਿੱਥੇ ਲੈ ਕੇ ਚੱਲੇ ਹੋ? ਤੁਸੀਂ ਹੋ ਕੌਣ?"।

" ਸੀਮਾ, ਮੈਂ ਤੈਨੂੰ ਆਵਦੇ ਦੇਸ਼, ਪੰਜਾਬ ਲੈ ਕੇ ਚੱਲਿਆ ਹਾਂ। ਮੈਂ ਬਹੁਤ ਲੰਬੇ ਸਫਰ'ਤੇ ਹਾਂ, ਬਹੁਤ ਸਾਲਾਂ ਬਾਅਦ ਵਾਪਸ ਘਰ ਚੱਲਿਆ ਹਾਂ। ਮੈਨੂੰ ਸਾਥ ਦੀ ਲੋੜ ਹੈ। ਜੇ ਚੀਜ਼ਾਂ ਜਿੱਦਾਂ ਮੈ ਚਾਹੁੰਦਾ ਚੱਲੂ ਗੀਆਂ, ਮੈਂ ਚਾਹੁਨਾਂ ਤੂੰ ਮੇਰੇ ਨਾਲ ਪੰਜਾਬ ਰਹਿਣਾ ਖੁਦ ਚੁਣੇਂਗੀ। ਜੇ ਉਸ ਟਾਇਮ ਤੇਰਾ ਹਾਲੇ ਵੀ ਚਿਤ ਕਰੇਗਾ ਚਮੋਲੀ ਵਾਪਸ ਜਾਣ ਨੂੰ , ਮੈਂ ਤੈਨੂੰ ਘਰ ਵਾਪਸ ਲੈ ਕੇ ਜਾਵਾਂਗਾ । ਮੇਰਾ ਸਾਥ ਦੇ ਸੀਮਾ, ਦੁਗਰੀ ਪੁੱਜਣ ਤੱਕ। ਹੋਰ ਕੁਝ ਨਹੀਂ ਆਖਦਾ"।

" ਮੇਰੇ ਕੋਲ ਚੋਏਸ ਹੈ? ਹੁਣ ਤੱਕ ਤੁਹਾਡੇ ਕਾਇਦੇ ਦੇ ਹਿਸਾਬ ਨਾਲ਼ ਚੱਲੀ। ਹੁਣ ਤੁਹਾਨੂੰ ਮੇਰੇ ਜਾਬਤਿਆਂ ਨਾਲ਼ ਵੀ ਚਲਣਾ ਪਾਵੇਗਾ"।

" ਹੁਕਮ?",

" ਤੁਸਾਂ ਹਮਬਿਸਤਰ ਹੋਣ ਦਾ ਸੋਚਣਾ ਨਹੀਂ। ਇਕ ਉਂਗਲ ਵੀ ਨਹੀਂ ਲਾਉਣੀ...",

" ਮਨਜ਼ੂਰ",

" ਆਵਦੇ ਬਾਰੇ ਸਭ ਕੁੱਝ ਦਸਣਾ ਪਵੇਗਾ",।

" ਹੌਲੀ ਹੌਲੀ..."

" ਨਹੀਂ..."

" ਹਾਂ। ਜੇ ਕਿਸੇ ਨੂੰ ਪਹਿਲਾਂ ਹੀ ਪਤਾ ਹੁੰਦਾ ਕਿੱਸਾ ਕਿਵੇਂ ਮੁਕਣਾ, ਜੋ ਬੀਤਣਾ, ਤਾਂ ਸੁਣਨ ਦਾ ਸੁਆਦ ਚੱਲੇ ਜਾਂਦਾ। ਮੁਕਾਮ ਤੇ ਪਹੁੰਚਾਂਗੇ। ਤੱਸਲੀ ਰੱਖ। ਸਭ ਪਤਾ ਲੱਗ ਜਾਵੇਗਾ। ਗੱਲਾਂ ਬਾਤਾਂ ਵਿਚ ਹੀ ਸਭ ਜਾਹਰ ਹੋ ਜਾਵੇਗਾ। ਭੇਤ ਖੋਲ੍ਹਣ ਦੀ ਗੱਲ ਨਹੀਂ। ਇਕ ਦੂਜੇ ਨੂੰ ਜਾਣਨ ਦੀ ਗੱਲ ਹੈ"।

" ਤੁਸੀਂ ਤਾਂ ਇੱਦਾਂ ਗੱਲਾਂ ਕਰਦੇ ਜਿਵੇਂ ਸਾਡੀ ਸੁਭਾਗ ਜੋੜੀ ਏ !"।

" ਸਜ ਵਿਆਹੇ ਤਾਂ ਨਹੀਂ ਹਾਂ, ਪਰ ਕੀ ਸਾਥੀ ਨਹੀਂ ਹੋ ਸਕਦੇ?", ਓਂਕਾਰ ਨੇ ਹੱਸਕੇ ਉੱਤਰ ਦਿੱਤਾ।

" ਕਾਸ਼! ਤੁਸਾਂ ਆਵਦਾ ਰੂਪ ਸ਼ੀਸ਼ੇ ਵਿਚ ਵੇਖਿਆ ਹੁੰਦਾ ! ਦਹਿਸਿਰ ਦਾ ਕੋਈ ਦਾਨਵ ਲੱਗਦੇ ਹੋ!", ਉਸ ਨੂੰ ਟੁੱਟ ਕੇ ਪੈ ਗਈ। ਗੱਲ ਜਦੋਂ ਨਿਕਲ ਜਾਂਦੀ, ਵਾਪਸ ਨਹੀਂ ਲੈ ਸੱਕਦਾ ਕੋਈ। ਸੀਮਾ ਨੂੰ ਸੁਝ ਗਿਆ ਕਿ ਓਂਕਾਰ ਨੂੰ ਇਹ ਨਿਰਦਈ ਗੱਲ ਸੁਣਕੇ ਬਹੁਤ ਦਰਦ ਹੋਇਆ ਹੋਵੇਗਾ। ਸੀਮਾ ਕਚੀ ਹੋ ਗਈ। ਨਾਦਮ ਆਵਾਜ਼ ਵਿਚ ਕਿਹਾ, " ਸੋਰੀ"। ਪਰ ਓਂਕਾਰ ਬਾਹਰ ਨੂੰ ਤੁਰ ਪਿਆ। ਸੀਮਾ ਨੇ ਬਲਾਉਣ ਦੀ ਕੋਸ਼ਿਸ਼ ਕੀਤੀ, ਪਰ ਉਸ ਨੇ ਦਰਵਾਜ਼ਾ ਜੋਰ ਦੇਣੀ ਬੰਦ ਕਰ ਦਿਤਾ । ਸੀਮਾ ਨੇ ਬਾਰੀ ਤੋਂ ਪਰਦਾ ਉਠਾਇਆ । ਬਾਹਰ ਹਨੇਰਾ ਸੀ। ਲੱਗਦਾ ਸੀ ਜੰਗਲ ਵਿਚ ਚੱਲੇ ਗਿਆ। ਪਰਦਾ ਛੱਡ ਕੇ ਸੀਮਾ ਬਹਿ ਗਈ। ਸੋਚਣ ਲੱਗੀ, " ਅਸਲੀ ਰਾਖਸ਼ ਕੌਣ ਸੀ?"

* * * * *

ਓਂਕਾਰ ਨੂੰ ਬਹੁਤ ਗੁਸਾ ਚੜ੍ਹਿਆ ਸੀ। ਇਧਰ ਉਧਰ ਚਕਵੇਂ ਪੈਰੀਂ ਤੁਰਦਾ ਫਿਰਦਾ ਸੀ। ਆਲੇ ਦੁਆਲੇ ਜੰਗਲ ਦਾ ਹੁੱਲੜ ਸੀ। ਪਰ ਓਂਕਾਰ ਦੇ ਕੰਨ ਬੰਦ ਸਨ। ਹਫ਼ੂੰ ਹਫ਼ੂੰ ਕਰਦਾ ਰਵਾਂ ਰਵੀ ਸੋਚਾਂ'ਚ ਪੈ ਗਿਆ। ਕਿੰਨੀ ਕ੍ਰਿਤਘਣ ਹੈ! ਮੈਂ ਉਸਦੇ ਮਾਂ-ਪਿਓ ਨੂੰ ਪੈਸੇ ਦਿੱਤੇ! ਉਸਦੀਆਂ ਨਮਕ ਹਰਾਮ ਭੈਣਾਂ ਨੂੰ ਸੈੱਟ ਕੀਤਾ ! ਉਸ ਗੰਦੇ ਬੁੱਢੇ ਨੂੰ ਹੈਸੀਅਤ ਦਿੱਤੀ। ਆਪ ਬੇਸ਼ਕ ਨਹੀਂ ਕਮਾਇਆ ਪਰ ਹੁਣ ਧਨਵਾਨ ਤਾਂ ਹੈ! ਓਂਕਾਰ ਦਾ ਦਰਬ! ਨਾਲ਼ੇ

ਉਸ ਗੰਦੇ ਬੁੱਢੇ ਨੇ ਤਾਂ ਓਂਕਾਰ ਤੋਂ ਚੋਰੀ ਕੀਤੀ ਸੀ! ਇਸ ਤਰਾਂ ਦੇ ਬਾਪ ਨੇ ਸੀਮਾ ਨੂੰ ਦੇਣਾ ਕੀ ਸੀ? ਜਦ ਮੌਕਾ ਮਿਲਿਆ, ਉਸਨੇ ਜੰਮੀ ਹੋਈ ਨੂੰ ਪਾਣੀ ਵਿਚ ਡੋਬ ਦੇਣਾ ਸੀ, ਜਾਂ ਗਲਾ ਘੁਟ ਦੇਣਾ ਸੀ! ਸੀਮਾ ਨੂੰ ਵੀ ਦਿਲ ਵਿਚ ਪਤਾ ਸੀ ਉਸ ਹੀ ਪਿਤਾ ਨੇ ਮੈਨੂੰ ਜੰਗਲ ਵਿਚ ਛੱਡ ਦਿੱਤਾ ਸੀ। ਹਾਂ, ਸੀਮਾ ਖਰੀਦੀ ਸੀ! ਇਹਦਾ ਕੀਹ! ਕੀ ਚਾਹੁੰਦੀ ਸੀ, ਕਿ ਉਸ ਗਰੀਬਾਂ ਵਾਂਗ, ਜਿਸ ਲਈ ਉਹ ਤਰਸਦੀ ਸੀ, ਸੜਕਾਂ'ਤੇ ਮੰਗਤੀ ਬਣੇ? ਓਂਕਾਰ ਵੱਲ ਉਂਗਲੀ ਵਧਾ ਕੇ ਰਖੇਲ ਕਹਿੰਦੀ ਸੀ; ਪਰ ਸੱਚ ਮੁੱਚ ਗਰੀਬੀ ਨੇ ਹੀ ਰੰਡੀ ਬਣਾ ਦੇਣਾ ਸੀ! ਇਕ ਬਾਰ ਪਹਿਲਾਂ ਓਂਕਾਰ ਨੂੰ ਵੀ ਕੰਗਾਲੀ ਦੇ ਕੈਦੀਆਂ ਲਈ ਤਰਸ ਸੀ। ਪਰ ਫਿਰ ਜਿੰਦਗੀ ਨੇ ਓਂਕਾਰ ਦਾ ਦਿਲ ਸਖਤ ਕਰ ਦਿੱਤਾ। ਉਂਝ ਸੀਮਾ ਦਾ ਗੁੱਸਾ ਵੀ ਸਹੀ ਸੀ। ਮੰਗਤੀ ਦਾ ਜੀਵਨ ਚਰਿੱਤਰ ਕਿੱਦਾਂ ਦਾ ਸੀ? ਲੋਕ ਕਿਸੇ ਦੀ ਧੀ ਨੂੰ ਬੰਗਾਲ ਤੋਂ ਚੱਕ ਕੇ ਬੰਬਈ ਦੀਆਂ ਕੋਠੀਆਂ'ਚ ਬਿਠਾ ਦਿੰਦੇ ਨੇ। ਜਾਂ ਕੋਈ ਮੁੰਡੇ ਨੂੰ ਪੰਜਾਬ 'ਚੋਂ ਚੱਕ ਕੇ ਅੰਨ੍ਹਾ ਕਰ ਕੇ ਜਾਂ ਅੰਗ ਕੱਟ ਕੇ ਤਾਜ ਮਹੱਲ ਦੇ ਸਾਹਮਣੇ ਗੋਰਿਆਂ ਤੋਂ ਭਿੱਖ ਮੰਗਣ ਲਾ ਦਿੰਦੇ ਨੇ। ਜੇ ਕੋਈ ਮਾਂ ਨੇ ਇਕ ਪਲ ਆਵਦੇ ਨਿਆਣੇ ਉੱਤੋ ਅੱਖ ਪਰੇ ਕੀਤੀ, ਲੋਕ ਚੁੱਕ ਕੇ ਲੈ ਜਾਂਦੇ ਨੇ। ਪੁਲਸ ਨੇ ਕੀ ਕਰਨਾ? ਗੋਗੜਾਂ ਵਧਾ ਕੇ ਕਮਜੋਰ ਬੰਦੇ ਨੂੰ ਸੁਣੀ ਅਣਸੁਣੀ ਕਰਦੇ। ਪੁਲਸੀਆਂ ਨੂੰ ਕਾਨੂੰਨ ਨਾਲ਼ ਪਿਆਰ ਨਹੀਂ ਹੈ; ਕੇਵਲ ਪੈਸੇ ਜਾਂ ਤਾਕਤ ਨਾਲ ।

ਗਰੀਬੀ ਪਾਪ ਹੈ। ਲੋਕ ਸ਼ੁਕਰ ਕਰਦੇ ਨੇ , " ਅਸੀਂ ਗਰੀਬ ਨਹੀਂ ਹਾਂ"। ਉਸ ਬੇਅੰਗ ਬੱਚੇ ਲਈ ਪਹਿਲਾਂ ਪਹਿਲਾਂ ਰਹਿਮ ਹੈ, ਪਰ ਹਾਰਕੇ ਬੰਦਾ ਅੱਕ ਜਾਂਦਾ। ਨਾਲ਼ੇ ਕਈ ਮੰਗਤੇ ਪੈਸੇ ਬਣਾਉਂਦੇ, ਉਨ੍ਹਾਂ ਲਈ ਕਾਰ ਵਿਹਾਰ ਹੈ। ਕੰਮ ਲਈ ਵਟਾਵਾਂ, ਇਕ ਸੌਖਾ ਰਸਤਾ। ਓਂਕਾਰ ਨੂੰ ਕਈ ਬਾਰ ਨੌਕਰੀ ਦਾ ਆਫਰ ਆਇਆ , ਪਰ ਸਾਫ਼ ਦੇਣੀ ਨਾ ਕਰ ਦਿੰਦਾ । ਕੋਈ ਕੋਈ ਮੰਗਤੇ ਕੰਮ-ਚੋਰ ਹੀ ਹਨ।

ਓਂਕਾਰ ਨੂੰ ਪੂਰਾ ਪਤਾ ਸੀ ਕਿ ਸੀਮਾ ਦਾ ਅਸਲੀ ਗੁਸਾ ਹਾਲੇ ਉਸਦੇ " ਕੈਦ" ਹੋਣ 'ਤੇ ਸੀ। ਭਾਵੇਂ ਓਂਕਾਰ ਦੀ ਨਜ਼ਰ 'ਚ " ਕੈਦ" ਨਹੀਂ ਸੀ, ਪਰ ਕੁੜੀ ਦੇ ਪੱਖ ਤੋਂ ਹੋਰ ਕੀ ਸੀ? ਕੋਈ ਕੁੜੀ ਨਾਲ਼ ਵਿਆਹ ਕਰਨਾ ਜਾਂ ਮੰਗ ਕੇ ਲੈਣਾ, ਉਸ ਦੀ ਇੱਛਾ ਤੋਂ ਬਿਨਾ ਪੱਕਾ ਪਾਪ ਹੈ। ਇੱਦਾਂ ਕੇਵਲ ਭਾਰਤ ਵਰਗੇ ਦੇਸ਼ 'ਚ ਹੀ ਹੁੰਦਾ। ਵਿਕਾਸੀ ਮੁਲਕ 'ਚ ਨਹੀਂ ਹੁੰਦਾ। ਹੋਰ ਸਾਰੀ ਦੁਨੀਆ ਵਿਚ ਜਨਾਨੀ ਮਰਜ਼ੀ ਨਾਲ ਰਿਸ਼ਤਾ ਕਰਦੀ ਹੈ। ਜੇ ਕਿਸੇ ਕੁੜੀ ਨੇ ਆਦਮੀ ਨਾਲ ਹਮਬਿਸਤਰਾ ਵਿਆਹ ਤੋਂ ਬਿਨਾ ਕਰਨਾ ਵੀ ਸੀ, ਉਸਦਾ ਹੱਕ ਸੀ, ਨਾ ਕਿ ਉਸਦੇ ਮਾਂ-ਬਾਪ ਜਾਂ ਸਮਾਜ ਦਾ। ਭਾਰਤ ਦੇ ਮੁੰਡੇ ਪਿੱਟਦੇ ਜਦ ਕੁੜੀ ਵਲੈਤ ਜਾਂਦੀ ਹੈ, ਪਰ ਕਦੀ ਸੋਚਦੇ ਹਾਂ ਕਿਉਂ ਬਾਹਰਲੇ ਮੁਲਕ ਦਿਲਕਸ਼ ਹਨ? ਭਾਵੇਂ ਸੱਚਾਈ 'ਚ ਮਿੱਠੇ ਮਹੁਰੇ ਹਨ, ਅਜ਼ਾਦੀ ਹੈ, ਬਰਾਬਰੀ ਹੈ।

ਸੀਮਾ ਦੇ ਆਖਣ ਵਿਚ ਓਂਕਾਰ ਨਾਲ਼ ਪੰਜਾਬ ਜਾਣ ਦੀ ਅਜ਼ਾਦੀ ਨਹੀਂ ਸੀ, ਜਬਰਦਸਤੀ ਸੀ। ਜੇ ਸੀਮਾ ਓਂਕਾਰ ਬਾਰੇ ਪਤਾ ਵੀ ਲੈਣਾ ਚਾਹੁੰਦੀ ਸੀ; ਇਸ ਵਿਚ ਕਿਹੜੀ ਵੱਡੀ ਗੱਲ ਸੀ? ਪਰ ਕੀ ਦਸੇ? ਜੇ ਸੱਚ ਦਸ ਦਿੱਤਾ, ਸੀਮਾ ਡਰ ਕੇ ਦੌੜ ਜਾਵੇਗੀ। ਜੇ ਨੱਠੀ ਨਹੀਂ, ਖੌਫ਼ ਨਾਲ ਖੜੀ ਬੇਹੋਸ਼ ਹੋ ਸੱਕਦੀ ਸੀ। ਜਦ ਹੋਸ਼ ਆਈ, ਕੀ ਕਰੇਗੀ? ਥਾਂਈਂ ਮਰਜੇਗੀ? ਕੀ ਪਤਾ? ਅਸਲੀਂ ਗੁੱਸਾ ਤਾਂਹੀ ਓਂਕਾਰ ਨੂੰ ਚੜ੍ਹਿਆ ਸੀ। ਸੱਚ ਮੁੱਚ ਹਵਾੜ੍ਹ ਚੜ੍ਹਿਆ ਜਦ ਸੀਮਾ ਨੇ " ਰਾਖਸ਼" ਕਿਹਾ, ਕਿਉਂਕਿ ਸੱਚ ਸੀ। ਪੈਰਾਂ ਦੇ ਨੇੜੇ ਇਕ ਪੋਖਰ ਸੀ। ਉਸ ਵਿਚ ਆਵਦਾ ਪਰਛਾਵਾਂ ਦਿੱਸ ਗਿਆ। ਆਵਦਾ ਹਾਲ ਵੇਖਕੇ ਡਰ ਗਿਆ।

ਜੇ ਖੁਦ ਆਪਨੂੰ ਵੇਖਕੇ ਡਰਦਾ ਸੀ, ਫਿਰ ਸੀਮਾ ਨੇ ਤਾਂ ਭੈਭੀਤ ਹੋਣਾ ਹੀ ਸੀ! ਕੀ ਸੋਚਦਾ ਸੀ? ਕਿ ਸੀਮਾ ਵਰਗੀ ਸੁੰਦਰ ਕੁੜੀ ਮੇਰੇ ਵਰਗੇ ਨਾਲ਼ ਵਿਆਹ ਕਰਨ ਨੂੰ ਤਿਆਰ ਹੋਵੇਗੀ? ਸੁਫਨਾ ਲੈਂਦਾ ਸੀ! ਸੀਮਾ ਨੂੰ ਆਵਾਜ਼ ਪਸੰਦ ਸੀ, ਇਹ ਤਾਂ ਸਾਫ਼ ਦਿੱਸਦਾ ਸੀ; ਪਰ ਜਦ ਵੀ ਕੁੜੀ ਮੇਰੇ ਵੱਲ ਝਾਕਦੀ, ਖੌਫ਼ ਨਾਲ਼ ਭਰ ਜਾਂਦੀ ਸੀ। ਪਰ ਜੇ ਮੈਂ ਉਸ ਨੂੰ ਸਭ ਕੁੱਝ ਸੁਣਾ ਦੇਵਾਂ? ਫਿਰ ਕੀ? ਨਹੀਂ, ਹਾਲੇ ਨਹੀਂ। ਸਮਝਣਾ ਨਹੀਂ ਉਸ ਨੇ, ਹਾਲੇ।ਸਮਝਣਾ ਨਹੀਂ। ਰੋਜ ਉਸਨੂੰ ਮੇਰਾ ਬਦਲਦਾ ਰੂਪ ਦਿੱਸਦਾ। ਜਦ ਤੱਕ ਪੰਜਾਬ ਪਹੁੰਚੇ, ਮੇਰਾ ਅਸਲੀ ਰੂਪ ਹੋਵੇਗਾ। ਜੇ ਥੋੜੇ ਹੋਰ ਦਿਨ ਜੰਗਲਾਂ 'ਚ ਸ਼ਿਕਾਰ ਕਰਕੇ ਖਾਵੇ, ਪੰਜਾਬ ਤੱਕ ਅਸਲੀ ਉਮਰ 'ਚ ਸੀਮਾ ਸਾਹਮਣੇ ਖੜ੍ਹ ਸਕਦਾ। ਜੇ ਸੀਮਾ ਨੂੰ ਮੇਰੇ ਨਾਲ ਪਿਆਰ ਹੋ ਗਿਆ, ਹਾਰ ਲੈ ਜਾ ਸਕਦੀ ਹੈ।

ਓਂਕਾਰ ਨੂੰ ਪਤਾ ਨਹੀਂ ਸੀ ਦਿਨੇ ਕੀ ਕਰਦਾ ਸੀ, ਜਾਂ ਕਿਸ ਨੂੰ ਮਾਰਦਾ। ਪਤਾ ਵੀ ਨਹੀਂ ਲੈਣਾ ਚਾਹੁੰਦਾ ਸੀ। ਰੱਬ ਕਰੇ, ਜੰਗਲ 'ਚੋਂ ਬਾਹਰ ਨਾ ਕਦੇ ਸ਼ਿਕਾਰ ਕੀਤਾ ਹੋਵੇ, ਜਾਂ ਕੋਈ ਬਦ-ਕਿਸਮਤ ਇਨਸਾਨ ਨਾ ਜੰਗਲ 'ਚ ਮਿਲਿਆ ਹੋਵੇ! ਇੰਨਾ ਯਾਦ ਸੀ ਕਿ ਕੋਈ ਟੋਲਾ ਉਸ ਦਾ ਸ਼ਿਕਾਰ ਕਰ ਰਿਹਾ ਸੀ। ਪਰ ਦਿਨ ਧੁੰਧਲੇ ਸਨ। ਦੌੜ ਸੀ ਸ਼ਿਕਾਰਾਂ ਤੋਂ ਬੱਚ ਕੇ ਪੰਜਾਬ ਪਹੁੰਚਣ ਦੀ ! ਫਿਰ ਸੀਮਾ ਤੈਨੂੰ ਸਭ ਕੁੱਝ ਸਮਝ ਆ ਜਾਵੇਗਾ! ਅੱਗੇ

ਨਾਲੋਂ ਓਂਕਾਰ ਸ਼ਾਂਤ ਹੋ ਗਿਆ ਸੀ। ਸਭ ਕੁੱਝ ਠੀਕ ਠਾਕ ਹੋਵੇਗਾ! ਤੱਸਲੀ ਰੱਖ! ਵੈਨ 'ਚ ਵਾਪਸ ਜਾ, ਸੀਮਾ ਨਾਲ ਮੇਲ ਕਰ! ਸਭ ਠੀਕ ਠਾਕ ਹੋ ਜਾਵੇਗਾ!

*　　　*　　　*　　　*　　　*

ਜਦ ਓਂਕਾਰ ਨੇ ਵੈਨ ਦਾ ਬੂਹਾ ਖੋਲ੍ਹਿਆ, ਉਸ ਨੂੰ ਕਿਸ਼ੋਰ ਕੁਮਾਰ ਦੀ ਅਵਾਜ਼ ਮਿੱਲੀ। " ਹਮ ਹੈ ਬੇਵਫ਼ਾ.."। ਸੀਮਾ ਦੇ ਬਣਾਏ ਖਾਣੇ ਦੀ ਮਹਿਕ ਵੀ ਮਿਲੀ। ਸੀਮਾ ਬੈਠੀ ਸੀ, ਖਾਂਧੀ। ਉਸ ਨੇ ਸਿਰਫ਼ ਆਵਦੇ ਲਈ ਮੇਜ਼ ਸੈਟ ਕੀਤਾ ਸੀ। ਉਸ ਨੂੰ ਪਤਾ ਤਾਂ ਸੀ ਓਂਕਾਰ ਕਦੇ ਕੁੱਝ ਖਾਂਦਾ ਨਹੀਂ...ਉਸ ਦੇ ਨਾਲ਼। ਫਿਰ ਵੀ, ਉਸ ਦੇ ਮੁਖੜੇ ਤੋਂ ਸਾਫ ਦਿੱਸਦਾ ਸੀ ਕਿ ਓਹ ਵੀ ਸੁਲਾ ਕਰਨਾ ਚਾਹੁੰਦੀ ਸੀ। ਓਂਕਾਰ ਉਸ ਦੇ ਸਾਹਮਣੇ ਬਹਿ ਗਿਆ, ਆਰਾਮ ਨਾਲ ਚੇਅਰ 'ਤੇ। ਦੋਨੋਂ ਕੁੱਝ ਦੇਰ ਲਈ ਚੁੱਪ ਚਾਪ ਸਨ।

" ਸੱਚ ਕੀ ਹੈ? ਸੱਚ ਦੇ ਕੋਲ ਹਜ਼ਾਰ ਰੂਪ ਹੁੰਦੇ ਨੇ ਸੀਮਾ...ਸੱਚ ਲੱਭਣ ਲਈ ਪਹਿਲਾਂ ਸਭ ਤੋਂ ਵੱਡਾ ਦਰੋਗ ਟੋਲ। ਕਹਿਣ ਦਾ ਮਤਲਬ, ਸਫ਼ੈਦ ਝੂੱਠ। ਸਾਡੇ ਮੁਲਕ, ਸਾਡੀ ਰੀਤ ਵਿਚ ਬਹੁਤ ਵੱਡੇ ਝੂੱਠ ਹਨ, ਤਾਈਂ ਅਮੀਰ ਖ਼ੁਸ਼ ਹਨ, ਤੇ ਗਰੀਬ ਦੁਖੀ ਹਨ", ਓਂਕਾਰ ਨੇ ਗੱਲ ਛੇੜੀ।

" ਤੁਹਾਡੇ ਖਿਆਲ ਵਿਚ ਵੱਡਾ ਝੂੱਠ ਕੀ ਹੈ? ਮੈਨੂੰ ਲੱਗਦਾ ਆਦਮੀ ਦੀ ਹਕੂਮਤ ਸਭ ਤੋਂ ਵੱਡਾ ਝੂੱਠ ਹੈ..."

" ਉਫ! ਥੋੜ੍ਹਾ ਜਿਹਾ ਮਨ ਖੋਲ੍ਹ! ਸੋਚ...ਜਿਹੜੇ ਲੋਕ ਰੱਬ ਨੂੰ ਨਹੀਂ ਮੰਨਦੇ, ਉਨ੍ਹਾਂ ਲਈ ਕੀ ਹੋਵੇਗਾ?",

" ਇਹ ਤਾਂ ਸਿਧੀ ਗੱਲ ਹੈ। ਦਿਹਾਂਤ ਤੋਂ ਬਾਅਦ ਸੁਰਗ ਜਾਣਾ। ਮੈਨੂੰ ਇਹ ਸਭ ਹਵਾਈ ਗੱਲਾਂ ਲਗਦੀਆਂ ਨੇ। ਮੈ ਉਨ੍ਹਾਂ ਦੇ ਖਿਆਲਾਂ ਨਾਲ ਰਾਜ਼ੀ ਹਾਂ।"

" ਭਾਵੇਂ, ਪਰ ਇਸ ਤਰ੍ਹਾਂ ਦੇ ਲੋਕ ਸੋਚਦੇ- ਮੌਤ ਤੋਂ ਬਾਅਦ ਕੁੱਝ ਨਹੀਂ ਹੈ ਇਸ ਕਰਕੇ ਕੁੱਝ ਭੋਗਣਾ ਨਹੀਂ ਪਵੇਗਾ। ਜਿੰਦਗੀ 'ਚ ਜੋ ਮਰਜ਼ੀ ਕਰੋ, ਭਾਵੇਂ ਦੂਜੇ ਨੂੰ ਦੁੱਖ ਲੱਗੇ। ਹੋਰ ਲੋਕ ਕਹਿੰਦੇ ਸਭ ਤੋਂ ਵੱਡਾ ਝੂੱਠ ਹੈ, 'ਨੋ ਲਾਈਫ ਆਫਟਰ ਡੈਥ'। ਕੌਣ ਸੱਚਾ ਹੈ? ਇਸ ਤਰ੍ਹਾਂ ਦਾ ਬੰਦਾ ਮਰਨ ਤੋਂ ਨਹੀਂ ਡਰਦਾ।"

" ਤੁਸਾਂ ਵੱਡੇ ਵਿਚਾਰਕ ਨਿਕਲ ਗਏ!"

ਸਾਰੀ ਰਾਤ ਓਂਕਾਰ ਅਤੇ ਸੀਮਾ ਨੇ ਇਸ ਤਰ੍ਹਾਂ ਗੱਲਾਂ ਕੀਤੀਆਂ। ਸੀਮਾ ਨੇ ਕਿਹਾ ਕਿ ਸਭ ਤੋਂ ਵੱਡਾ ਝੂੱਠ ਮਾਂ-ਪਿਓ ਨਿਆਣਿਆਂ ਨੂੰ ਦੱਸਦੇ, ਜਦ ਕਹਿੰਦੇ, " ਵੱਡੇ ਹੋ ਕੇ ਖ਼ੁਸ਼ ਹੋਵੋਗੇ, ਦੁਨੀਆ ਵਿਚ ਬਹੁਤ ਚੰਗੀਆਂ ਚੀਜ਼ਾਂ ਨੇ, ਲੋਕ ਸਾਫ਼ ਦਿਲ ਵਾਲੇ ਨੇ। ਸਰਲ ਸੁਭੇ ਬੱਚੇ ਮਨ ਜਾਂਦੇ ਨੇ। ਨਹੀਂ ਤਾਂ ਇਸ ਦਾ ਪੂਰਾ ਉਲਟਾ ਦੱਸਦੇ ਨੇ।" ਓਂਕਾਰ, ਆਵਦੇ ਬਾਰੇ ਸੋਚਦਾ ਕਹਿੰਦਾ ਸੀ, " ਸਭ ਤੋਂ ਵੱਡਾ ਝੂੱਠ ਅਰਸਾ ਅਵਧੀ ਖਿਆਲੀ ਨਹੀਂ ਹੈ?" ਜਦ ਸੀਮਾ ਨੇ ਆਖਿਆ, " ਕਿਉਂ?", ਜਵਾਬ ਆਇਆ, " ਕਿਉਂ ਨਿਆਣੇ ਲਈ ਜੀਵਨ ਦਾ ਸਫਰ ਲੰਬਾ ਹੈ, ਪਰ ਬੁਢੇ ਲਈ ਨਿੱਕਾ। ਇਕ ਲਈ ਸਦੀਵ ਕਾਲ ਹੈ, ਦੂਜੇ ਲਈ ਅੱਖ ਦਾ ਪਲਕਾਰਾ ਹੈ।"

ਫਿਰ ਸੀਮਾ ਨੇ ਕਿਹਾ, " ਸਭ ਤੋਂ ਵੱਡਾ ਝੂੱਠ ਸੱਚ ਹੈ।"

ਓਂਕਾਰ ਕਾਇਲ ਹੋ ਗਿਆ, " ਕਾਹਤੋਂ?" " ਸ਼ੇਰ ਦਾ ਸੱਚ ਮਿਰਗ ਦਾ ਸੱਚ ਨਹੀਂ ਹੈ। ਗੁਲਾਮ ਦਾ ਸੱਚ, ਰਾਜੇ ਦਾ ਸੱਚ ਨਹੀਂ ਹੈ। ਜਿਸ ਬੰਦੇ ਦੇ ਪਿੰਡੇ ਵਿਚ ਗੋਲ਼ੀ ਢੁੰਡਦੀ, ਉਸ ਦਾ ਸੱਚ ਨਿਸ਼ਾਨਾ ਬਣਾਉਣ ਵਾਲੇ ਦਾ ਨਹੀਂ ਹੈ। ਅੱਗ ਦਾ ਸੱਚ, ਬਰਫ਼ ਦਾ ਸੱਚ ਨਹੀਂ ਹੈ। ਮੇਰਾ ਸੱਚ ਅਤੇ ਤੁਹਾਡਾ ਸੱਚ ਕਿੰਨਾ ਅਲੱਗ ਹੈ? ਤੁਸੀਂ ਮੈਨੂੰ ਪੰਜਾਬ ਲੈ ਚੱਲੇ ਹੋ, ਮੈਂ ਚਮੋਲੀ ਰਹਿਣਾ ਚਾਹੁੰਦੀ ਆਂ । ਜੰਗ ਸੱਚ ਉਪਰ ਹੀ ਲੜੀ ਦੇ ਨੇ। ਦੋਨੋਂ ਪਾਸੇ ਆਪ ਨੂੰ ਸਹੀ ਸਮਝਦੇ ਨੇ, ਹੈ ਨਾ?"

" ਅੰਨ੍ਹੇ ਲਈ ਅਤੇ ਸੁਜਾਖੇ ਲਈ ਵੀ ਸੱਚ ਵੱਖਰਾ ਹੁੰਦਾ ਹੈ। ਮੇਰੇ ਨਾਲ ਕੁੱਝ ਹੋਰ ਟਾਇਮ ਬਿਤਾ ਕੇ ਦੁੱਧ ਦਾ ਦੁੱਧ ਪਾਣੀ ਦਾ ਪਾਣੀ ਕਰੇਂਗੀ । ਕੋਈ ਸ਼ਕ?" ਓਂਕਾਰ ਨੇ ਉੱਤਰ ਦਿੱਤਾ।

" ਦੇਖਦੇ ਆਂ ਫਿਲਾਸਫ਼ਰ ਸਾਹਿਬ।"

ਓਂਕਾਰ ਅਤੇ ਸੀਮਾ ਹਰ ਰਾਤ ਕੋਈ ਨਾ ਕੋਈ ਪ੍ਰਕਰਣ ਤੋਰਨ ਲੱਗ ਪਏ। ਘੰਟਿਆਂ ਲਈ ਬਹਿਸ ਕਰਦੇ ਰਹਿੰਦੇ, ਪੰਜਾਬ ਪਹੁੰਚਣ ਤੱਕ। ਤੂਲ ਦਿੰਦੇ ਇਕ ਦੂਜੇ ਦੇ ਖਿਆਲਾਂ ਦੀ ਰੋਸ਼ਨੀ ਵਧਾਉਣ ਲੱਗ ਪਏ ਪਰ ਪੰਜਾਬ ਤਾਂ ਦੂਰ ਸੀ। ਬਹੁਤ ਕੁੱਝ ਹਾਲੇ ਰਾਹ 'ਚ ਹੋ ਸੱਕਦਾ ਸੀ। ਇਸ ਬਾਰੇ ਓਂਕਾਰ ਸੁਚੇਤ ਸੀ। ਨਿੱਤ ਨਿੱਤ ਜੰਗਲਾਂ 'ਚ ਜਾਣਾ ਪੈਂਦਾ ਸੀ। ਰੋਜ ਡੋਰੇ ਪੈਣ ਦਾ ਡਰ ਸੀ। ਕੌਣ ਕਿਸ ਦਾ ਸ਼ਿਕਾਰ ਕਰਦਾ ਸੀ?

ਸੀਮਾ ਤੋਂ ਕਿੰਨੇ ਹੋਰ ਦਿਨਾਂ ਲਈ ਉਹ੍ਹਾਂ ਪਰ੍ਹਾਂ ਰਹਿ ਸਕਦਾ ਸੀ? ਓਂਕਾਰ ਦਾ ਸੱਚ ਕਿੰਨੇ ਚਿਰ ਲਈ ਛੁਪ ਸਕਦਾ ਸੀ? ਦੁਨੀਆ ਤੋਂ ਰੂਪੋਸ਼ ਹੋ ਜਾਣਾ ਸੌਖਾ ਸੀ। ਪਰ ਆਵਦੀ ਸਾਥਣ ਤੋਂ? ਤੇਜ ਕੁੜੀ ਸੀ। ਓਂਕਾਰ ਉਸ ਲਈ ਰਹੱਸ ਸੀ, ਪਰ ਕਦ ਤੱਕ?

ਮੰਨ ਵਿਚ ਓਂਕਾਰ ਨੂੰ ਪੂਰਾ ਪਤਾ ਸੀ ਸ਼ਿਕਾਰ ਨੇੜੇ ਹੁੰਦੇ ਜਾਂਦੇ ਨੇ॥

**ਗ**

ਗਲਾਸੀ ਲਾਉਣ ਲਈ ਹਾਨ ਕੂ ਤੋਂ ਛੁਟ ਸਾਰਾ ਸ਼ਿਕਾਰਾਂ ਦਾ ਟੋਲਾ ਮੇਜਰ ਦੇ ਮੈਖਾਨੇ ਪੀਣ ਡੱਫਣ ਆਏ ਸਨ। ਪੰਜਾਬੀ ਗੀਤ ਉੱਚੀ ਦੇਣੀ ਸਪੀਕਰ'ਚੋਂ ਬੰਦਿਆਂ ਦੇ ਕਹਿਕਰਿਆਂ'ਚ ਰਲਦੇ ਸੀ। ਸ਼ਰਾਬ ਖਾਨੇ ਦੇ ਮੇਜ਼ਾਂ ਉੱਤੇ ਨਵਯੁਵਤੀਆਂ ਖੇਹ-ਖਰਾਬੀ ਅੱਧੇ ਨੰਗ'ਚ ਨੱਚ ਦੀਆਂ ਸਨ। ਬੇਪਰਦਗੀ, ਨਸ਼ੇਬਾਜ਼ ਅਤੇ ਖੇਹ-ਖਰਾਬੀ ਨੇ ਰਘੇ ਨੂੰ ਚੁੱਕਿਆ ਸੀ। ਰਘੇ ਦਾ ਮੂਡ ਚੰਗਿਆੜੀ ਲਾਉਣ ਦਾ ਸੀ। ਚੈਂਗ ਨੂੰ ਇਹ ਗੱਲ ਸਾਫ ਦਿਸਦੀ ਸੀ। ਓਹ ਰਘ ਨੂੰ ਆਵਦੀਆਂ ਗੱਲਾਂ'ਚ ਰੱਖਣ ਦੀ ਕੋਸ਼ਿਸ਼ ਕਰਦਾ ਸੀ।

" ਹਾਨ ਦੇ ਬਾਰੇ ਕਿੰਨਾ ਕੁ ਜਾਣਦੈਂ?" ਚੈਂਗ ਨੇ ਰਘੇ ਨੂੰ ਆਖਿਆ।

" ਸ਼ੈਤਾਨ ਦੇ ਨਾਲ ਮਕਬੂਜ਼ਾ ਹੈ। ਜਿੰਨਾ ਚਿਰ ਉਸ ਸ਼ੇਰ ਨੂੰ ਫੜਦਾ ਨਹੀਂ, ਉਸ ਨੇ ਸ਼ਿਕਾਰ ਖੇਡਣ ਤੋਂ ਹਟਣਾ ਨਹੀਂ। ਭਾਵੇਂ ਅਸੀਂ ਸਾਰੇ ਇਸ ਹੇੜੇ'ਚ ਖਤਮ ਹੋ ਜਾਈਏ!"

" ਲੈ! ਇਸ ਸ਼ੇਰ ਬਾਰੇ ਨਹੀਂ ਗੱਲ ਕਰਦਾ ਮੈਂ। ਪਰ ਹਾਨ ਦੇ ਅਤੀਤ ਬਾਰੇ, ਪਿਛਲੀਆਂ ਗੱਲਾਂ ਬਾਰੇ ਪੁੱਛਦਾਂ," ਚੈਂਗ ਰਘੇ ਦੇ ਨੇੜੇ ਹੋ ਕੇ ਬੋਲਿਆ, " ਤੂੰ ਸ਼ੈਤਾਨ ਤੋਂ ਡਰਦੈਂ ਨਾ? ਕਿਉਂ?"। ਰਘੇ ਨੂੰ ਚੈਂਗ ਦੇ ਬਿਓਰੇਵਾਰ ਰੰਗ ਮੰਚ ਚੰਗੇ ਨਹੀਂ ਲੱਗਦੇ ਸੀ, ਪਰ ਫਿਰ ਵੀ ਉਸ ਨੂੰ ਜੁਆਬ ਨਾਲ ਮੁਹੱਈਆ ਕਰ ਦਿੱਤੀ। " ਸ਼ੈਤਾਨ ਦੇ ਨਕਸ਼ੇ ਕਦਮ ਪੰਜ ਪੰਜੇ ਵਾਲੇ ਹਨ। ਪਹੁੰਚੇ ਆਮ ਚਾਰ ਅੱਗਲੀਆਂ ਉਂਗਲੀਆਂ ਵਾਲੇ। ਮੈਂ ਪਹਿਲਾਂ ਵੀ ਕਿਹਾ ਸੀ, ਹੁਣ ਵੀ ਕਹਿੰਦਾਂ.."

" ਸਮਝ ਗਿਆਂ। ਤੂੰ ਤਾਂ ਸ਼ੇਰ ਤੋਂ ਡਰਦਾਂ। ਸਮਾਂ ਸ਼ੇਰ ਮਾਰਨਾ ਅਸਾਨ ਹੈ। ਹਾਨ ਤੋਂ ਡਰਨਾ ਚਾਹੀਦੈ, ਨਾ ਕਿ ਸ਼ੇਰ ਤੋਂ। ਡਰ ਪਾਉਣ ਵਾਲਾ ਆਦਮੀ ਹੈ। ਮੈਂ ਦੱਸਦਾਂ..", ਚੈਂਗ ਡਰਾਮੇ ਨਾਲ ਯੱਕੜ ਮਾਰਣ ਲੱਗਾ। ਪਰ ਗੱਲ ਕੋਈ ਕਹਾਣੀ ਘੜਨੀ ਨਹੀਂ ਸੀ, ਪਰ ਕੂ ਹਾਨ ਦੀ ਜੀਵਨੀ ਸੀ। ਇਹ ਰਾਮਾਇਣ ਦਸ ਕੇ ਥੋੜ੍ਹੇ ਚਿਰ ਲਈ ਰਘੇ ਦੀ ਕੁੱਪਤ-ਕਰਨਾ ਖਲ੍ਹਾਰ ਦਿੱਤੀ।

" ਤਕਰੀਬਨ ਤਰਤਾਲ੍ਹੀਆਂ ਵਰ੍ਹਿਆਂ ਪਹਿਲਾਂ ਇੱਕ ਕੁੜੀ ਬੇਜਿੰਗ ਦੇ ਕੰਜਰਖਾਨੇ'ਚ ਕੰਮ ਕਰਦੀ ਸੀ। ਕੰਚਨੀ ਸੀ, ਜਿਸ ਦੀ ਕੰਜਕੁਆਰੀ ਦੀ ਵਰੇਸ ਆਦਮੀਆਂ ਦੀ ਹਿਰਸ ਨੇ ਚੁਰਾ ਲਈ ਸੀ। ਕੁੜੀ ਦਾ ਨਾਂ ਮੁਲਾਨ ਕੂ ਸੀ"।

" ਕਹਿਣ ਦਾ ਮਤਲਬ ਹਾਨ ਦੀ ਮਾਂ ਸੀ?", ਰਘੇ ਨੇ ਗੱਲ'ਚ ਮਦਾਖ਼ਲਤ ਕੀਤਾ।

"ਹੋਰ! ਪਰ ਮੈਨੂੰ ਦਾਸਤਾਨ ਤਾਂ ਨਿਬੇੜਨ ਦੇ!", ਚੈਂਗ ਖਫ਼ੇ ਨਾਲ ਬੋਲਿਆ।

" ਅੱਗੇ ਕੀ ਹੋਇਆ ਦੱਸ ਨਾ!", ਅਜੋਹੇ ਨੇ ਕਿਹਾ।

" ਬਸ ਕੀ ਹੋਣਾ ਸੀ? ਨਿਕਰਮਣ ਗਰਭਵਤੀ ਹੋ ਗਈ ਕਿਸੇ ਖਰੀਦਾਰ ਤੋਂ। ਜਦ ਕਾਕਾ ਹੋਇਆ ਮਾਂ ਨੂੰ ਪਤਾ ਨਹੀਂ ਸੀ ਕਿਹੜੇ ਦੁਰਾਚਾਰੀ ਦਾ ਵਾਰਿਸ ਹੈ। ਮੁੰਡੇ ਦਾ ਹਾਨ ਨਾਂ ਰੱਖ ਦਿੱਤਾ। ਹਾਨ ਦੇ ਪਹਿਲੇ ਦਿਨ ਚਕਲੇ'ਚ ਬੀਤੇ। ਜਦ ਮੁੰਡਾ ਸੀ, ਕੋਠੇ ਦੀਆਂ ਵੇਸਵਾਵਾਂ ਦਾ ਭੜੂਆ ਬਣ ਗਿਆ। ਸਾਰੇ ਕਿਸਮ ਦੇ ਪਾਪ, ਵਿਭਚਾਰ ਅਤੇ ਖੇਹ ਖਰਾਬੀਆਂ ਗਿਆਰ੍ਹਵੇਂ ਸਾਲ ਤੋਂ ਪਹਿਲਾਂ ਹੀ ਵੇਖ ਲਏ। ਜਦ ਬਾਰ੍ਹਵਾਂ ਸਾਲ ਚੜ੍ਹਿਆ, ਬੇਗੁਨਾਹੀ ਚਲੀ ਗਈ, ਜਿਵੇਂ ਸੱਪ ਦੀ ਖੱਲ ਲੈਂਦੀ ਹੈ। ਹਾਨ ਸਨਕੀ ਹੋ ਗਿਆ। ਰੋਜ ਉਸ ਦੇ ਸਾਹਮਣੇ ਜਹਾਜੀ, ਸੇਪੀ ਅਤੇ ਪੁਲਸੀ ਕੋਠੀ ਵਾਲੀਆਂ ਕੋਲ੍ਹ ਆਉਂਦੇ ਸਨ। ਇਕ ਪਾਸੇ ਉਚੱਕੇ ਲੋਕ ਸਨ, ਦੂਜੇ ਪਾਸੇ ਜੱਜ ਅਤੇ ਰਾਜਨੀਤੱਗ ਸਨ; ਸਭ ਵਿਆਹੇ। ਪਰ ਫਿਰ ਵੀ ਅੱਡੇ ਆਈ ਗਏ। ਹਾਨ ਬਾਈ ਲਈ ਸਾਰਿਆਂ'ਤੇ ਅੱਖ ਰੱਖਦਾ ਸੀ। ਪਤਾ ਨਹੀਂ ਕਿਉਂ, ਪਰ ਹਾਨ ਦੇ ਦਿਮਾਗ'ਚ ਕੋਈ ਨੁਕਸ ਸੀ। ਉਸ ਨੂੰ ਕਿਸੇ ਲਈ ਸੰਵੇਦਨਾ ਨਹੀਂ ਸੀ, ਸੁੰਨ ਛੂਛਾ

ਕੁੱਪਾ ਸੀ, ਰਹਿਮ ਤੱਕ ਵੀ ਨਹੀਂ ਸੀ। ਪਰ ਬਿਕਲ ਜਾਂਦਾ ਸੀ। ਇੱਕ ਵਾਰੀ ਕਿਸੇ ਰੰਡੀ ਦੇ ਮੁੰਡੇ ਨੇ ਸਾਫ਼ ਕਿਹਾ, " ਤੂੰ ਖੋਹ ਖਾਣੀ ਦੀ ਔਲਾਦ ਹੈਂ, ਹਰਾਮੀ!"। ਕੁੱਝ ਬੋਲਿਆ ਬਾਲਿਆ ਨਹੀਂ। ਚੁੱਪ ਚਾਪ, ਅਰਾਮ ਨਾਲ ਉਸ ਮੁੰਡੇ ਦੇ ਟੱਟੇ ਕੱਟ ਦਿੱਤੇ। ਜਦ ਉਸ ਦੀ ਮਾਂ ਨੇ ਕੁੱਝ ਕਹਿਣ ਦੀ ਕੋਸ਼ਿਸ਼ ਕੀਤੀ, ਬਾਈ ਨੇ ਹਾਨ ਦਾ ਪਾਸਾ ਲਿਆ। ਮਾਂ ਲਈ ਮੋਹ ਕਰਕੇ ਨਹੀਂ ਇਹ ਗੱਲ ਕੀਤੀ। ਉਸ ਲਈ ਕੋਈ ਤੱਰਸ ਨਹੀਂ ਸੀ। ਬਾਈ ਲਈ ਕੁੱਝ ਸੀ, ਕਿਉਂਕਿ ਉਸ ਹੀ ਸਾਲ ਹਾਨ ਨੇ ਬਾਈ ਨਾਲ ਭੋਗ ਕੀਤਾ"।

" ਬਾਈ ਨੇ ਹਾਨ ਨੂੰ ਇਕ ਸੋਲ੍ਹਾਂ ਸਾਲਾਂ ਦੀ ਕੁੜੀ ਦਿੱਤੀ ਸਾਂਝੀਵਾਲ ਕਰਨ ਨਾਲ। ਮੁਲਾਨ ਅਤੇ ਬਾਈ ਦੋਨੋਂ ਹਾਨ ਨੂੰ ਬਹੁਤ ਪੈਸੇ ਦਿੰਦੀਆਂ ਸਨ; ਜੋ ਮੰਗਦਾ, ਮਿਲਦਾ ਸੀ। ਸਕੂਲ ਵੀ ਦਾਖਲ ਕੀਤਾ, ਪਰ ਭੱਜ ਕੇ ਆਗਿਆ। ਹਾਨ ਨੂੰ ਦੌਲਤ ਚਾਹੀਦੀ ਸੀ, ਪਰ ਪੜ੍ਹਣ ਲਈ ਤਿਆਰ ਨਹੀਂ ਸੀ। ਮਾਂ ਦੇ ਅਮੀਰ 'ਗਾਹਕਾਂ' ਮਗਰ ਜਾ ਕੇ ਉਨ੍ਹਾਂ ਦੇ ਘਰਾਂ ਬਾਹਰ ਖੜ੍ਹਦਾ ਸੀ। ਉਨ੍ਹਾਂ ਦੇ ਜੀਵਨ ਵੱਲ ਝਾਕਦਾ ਸੀ। ਉਨ੍ਹਾਂ ਦੀ ਜ਼ਿੰਦਗੀ ਹੋਰ ਸੀ, ਉਸ ਦੇ ਹੱਥ ਨਹੀਂ ਆਉਣ ਵਾਲੀ ਸੀ। ਦੂਰ ਦੇ ਢੋਲ ਸੁਹਾਵਣੇ ਲੱਗਦੇ ਸੀ। ਭਾਵੇਂ ਚੁੱਲ੍ਹੇ ਵਿਚ ਪੈ ਜਾਵੇ, ਕਿਸੇ ਨ ਕਿਸੇ ਤਰ੍ਹਾਂ ਇਹ ਜੀਵਨ ਢੰਗ ਚਾਹੁੰਦਾ ਸੀ। ਪੈਸੇ ਜਰੂਰ ਮਾਂ ਤੋਂ ਮਿਲਦੇ ਸੀ, ਪਰ ਔਕਾਤ ਦੀ ਗੱਲ ਸੀ। ਮੁਲਾਨ ਨੇ ਪੜ੍ਹਣ ਦੀ ਬੇਨਤੀ ਕੀਤੀ, ਪਰ ਹਾਨ ਲੋਟ ਨਹੀਂ ਆਇਆ। ਜਦ ਵੀ ਮਾਂ ਆਖਦੀ, 'ਪੜ੍ਹ ਪੁੱਤਰ', ਤੋੜਮਾ ਜੁਆਬ ਦਿੰਦਾ ਸੀ। ਮਾਂ ਉੱਤੇ ਬੂਹਾ ਢੋ ਦਿੱਤਾ। ਇਕ ਦਿਨ ਸ਼ਰਾਬ ਪੀ ਲਈ। ਅੱਡੇ ਦੀਆਂ ਕੁੜੀਆਂ ਨੂੰ ਛੇੜ ਛਾੜ ਕਰਨ ਲੱਗਾ। ਬਾਈ ਨੇ ਘਰੋਂ ਕੱਢ ਦਿੱਤਾ।' ਜਦੋਂ ਤਾਈਂ ਸੁਥਰਿਆ ਨ੍ਹੀਂ, ਵਾਪਸ ਨ੍ਹੀਂ ਆਉਣਾ!'"।

" ਇੰਨਾ ਸ਼ਰਾਬੀ ਹੋ ਗਿਆ, ਕਿ ਕੁੱਝ ਗੁੰਡਿਆਂ ਨਾਲ਼ ਹੱਥੋ ਪਾਈ ਹੋ ਗਿਆ। ਮਖੌਲ ਕਰਦੇ ਗੁੰਡਿਆਂ ਨੇ ਉਸ ਨੂੰ ਵੰਗਾਰਨਾ ਕੀਤਾ। ਵੰਗਾਰ ਮੰਨਣੀ ਹੀ ਸੀ। ਚਾਕੂ ਬਾਹਰ ਆਏ। ਹਾਨ ਨੇ ਕਿਸੇ ਨੂੰ ਖੋਭ ਦਿੱਤਾ। ਚਾਕੂ ਤੋਂ ਚੋਏ ਲਾਲ ਲਾਲ ਅੱਥਰੂ। ਪੁਲਸ ਨੇ ਹਾਨ ਨੂੰ ਫੜ ਲਿਆ। ਹਾਨ ਨੂੰ ਕੁੱਝ ਚੇਤੇ ਨਹੀਂ ਸੀ। ਜੇਲ੍ਹ ਦੀ ਹਵਾ ਖਾਣੀ ਪੈਂਦੀ ਹੈ। ਵੈਰੀ ਮਰਿਆ ਨਹੀਂ ਕਰਕੇ ਹਾਰ ਕੇ ਹਾਨ ਨੂੰ ਛੱਡ ਦਿੱਤਾ। ਜਦ ਕੰਜਰ ਖਾਣੇ ਵਾਪਸ ਆਇਆ, ਬਾਈ ਨੇ ਦਸਿਆ, ' ਪੁੱਤਰ, ਤੇਰੀ ਮਾਂ ਪੂਰੀ ਹੋ ਗਈ'"।

" 'ਕੀ ਹੋਇਆ?',
' ਕੋਈ ਅਮੀਰ ਬੰਦੇ ਨੇ ਉਸਦਾ ਹਾਲ ਬੁਰਾ...'
' ਕੌਣ?'
' ਪੁੱਤਰ...'
' ਬਾਈ ਗਾਹਕ ਕੌਣ ਸੀ!', ਖਿੱਝ ਫੱਟ ਗਈ। ਮੁਲਾਨ ਤੇ ਤਰਸ ਨਹੀਂ ਖਾਧਾ। ਮਾਂ ਦੀ ਹੋਂਦ ਜਿੱਦਾਂ ਦੀ ਸੀ, ਸੀ। ਹਾਨ ਨੂੰ ਗੁੱਸਾ ਸੀ, ਲੋਕ ਕਹਿੰਦੇ, ' ਰੰਡੀ ਦੀ ਔਲਾਦ'। ਹਾਨ ਪਤਾ ਲੈਣਾ ਚਾਹੁੰਦਾ ਸੀ ਕਿਸ ਕੁੱਤੇ ਨੇ ਮਾਂ ਦਾ ਜਿਨਾਹ ਕੀਤਾ। ਆਵਦੇ ਪਿਉ ਉੱਤੇ ਬਦਲਾ ਲੈਣਾ ਸੀ। ਆਵਦੇ ਕਾਵੜ ਨੂੰ ਠੰਡਾ ਕਰਨ ਇਸ ਅਮੀਰ ਬੰਦੇ ਨਾਲ ਸ਼ੁਰੂ ਕਰੂਗਾ। ਬਾਈ ਨੇ ਨਾਂ ਦਸ ਦਿੱਤਾ"।

" ' ਬਾਈ ਅੱਜ ਤੂੰ ਸਭ ਕੁੱਝ ਦੱਸੇਂਗੀ। ਸਮਝੀ? ਮੇਰੀ ਮਾਂ  ਨਾਲ਼ ਜੋ ਹੋਇਆ...ਮਤਲਬ ਕਿਹੜਾ ਕੁੱਤਾ ਮੇਰਾ ਬਾਪ ਸੀ। ਸਭ ਦੱਸ, ਨਹੀਂ ਤਾਂ...', ਭੇਤ ਖੁਲ੍ਹਾਓਣਾ ਚਾਹੁੰਦਾ ਸੀ।
' ਫਿਕਰ ਨਾ ਕਰ। ਸਭ ਪਤਾ ਲੱਗਜੂਗਾ'"।\

" ਬਾਈ ਨੇ ਪਰਦਾ ਉੱਠਾ ਦਿੱਤਾ। ਮਾਂ ਮਾਰਨ ਵਾਲੇ ਦਾ ਨਾਂ ਨੇਕ ਸੀ। ਸ਼ਹਿਰ ਦੇ ਵੱਡੇ ਘਰਾਂ ਵਾਲਿਆਂ ਦਾ ਪੁੱਤਰ ਸੀ। ਚੀਨ ਸਰਕਾਰ ਦਾ ਆਦਮੀ। ਜਿਸ ਦੇ ਟੱਬਰ ਦੀ ਪਹੁੰਚ ਖ਼ੁਦਾ ਤੋਂ ਵੀ ਵੱਧ ਸੀ। ਹਾਨ ਸੜਕ ਦਾ ਕੀੜਾ ਸੀ। ਇਸ ਗੱਲ ਦਾ ਕੋਈ ਫ਼ਰਕ ਨਹੀਂ ਪਿਆ, ਭਾਵੇਂ ਹਾਨ 'ਤੇ ਨੇਕ'ਚ, ਜਮੀਨ ਅਸਮਾਨ ਦਾ ਫ਼ਰਕ ਹੋਵੇ। ਪਤ ਲਾਹੁਣ ਵਾਲਿਆਂ ਦੇ ਨਾਂ ਵੀ ਬਾਈ ਨੇ ਦੇ ਦਿੱਤੇ। ਕੀ ਪਤਾ ਸੱਚੀ ਓਹੀ ਸਨ, ਜਾਂ ਕੋਈ ਹੋਰ ਲੋਕ ਜਿੰਨ੍ਹਾਂ ਨਾਲ਼ ਬਾਈ ਹਿਸਾਬ ਚੁਕਾaਣਾ ਚਾਹੁੰਦੀ ਸੀ। ਜੋ ਮਰਜੀ, ਹਾਨ ਦੇ ਗੁੱਸੇ ਲਈ ਸ਼ਿਕਾਰ ਸਨ"।

ਤਿੰਨਾਂ ਨੇ ਚੈਂਗ ਵੱਲ ਗਹੁ ਨਾਲ਼ ਝਾਕਿਆ। ਉਸ ਦੇ ਹਰੇਕ ਲਫ਼ਜ਼ ਦੇ ਗੁਲਾਮ ਸਨ। ਚੈਂਗ ਨੇ ਜੀਵਨੀ ਅੱਗੇ ਤੋਰੀ...

" ਨੇਕ ਦਾ ਨੰਬਰ ਪਹਿਲਾਂ ਆਇਆ। ਇਕ ਰਾਤ ਸਜ ਕੇ ਘਰੋਂ ਨਿਕਲਿਆ ਸੀ। ਨੇਕ ਦੇ ਮਕਾਨ ਸਾਹਮਣੇ, ਸੜਕ'ਤੇ ਆਲਡਮੋਬੀਲ ਗੱਡੀ ਖਲੋਈ

ਸੀ। ਹਨੇਰੇ ਵਿਚ ਨੇਕ ਨੂੰ ਕੁੱਝ ਦੀਹਦਾ ਨਹੀਂ ਸੀ। ਗੱਡੀ ਦੇ ਐਗਜਾਸਟ'ਚੋਂ ਨੇੜਲੀ ਗੱਲੀ ਤਕ ਸੱਪ ਵਾਂਗ ਇਕ ਰੱਸਾ ਸੀ। ਤੇਲ ਦੇ ਨਾਲ਼ ਭਿਜਿਆ ਸੀ। ਉਸ ਦੇ ਦੂਜੇ ਪਾਸੇ ਹਨੇਰੇ ਦੇ ਢਿੱਡ ਵਿਚ ਹਾਨ ਖੜ੍ਹਾ ਸੀ। ਜਦ ਘਰ ਦਾ ਬੂਹਾ ਖੁਲ੍ਹਿਆ, ਰਸੇ ਨੂੰ ਲਾਟ ਲਾ ਦਿੱਤੀ। ਜਦ ਗੱਡੀ ਵਿਚ ਨੇਕ ਬੈਠਾ, ਅੱਗ ਐਗਜਾਸਟ ਵੱਲ ਸਰਕ ਗਈ। ਸਟੇਅਰਿੰਗ'ਤੇ ਮੁਲਾਨ ਦੀ ਤਸਵੀਰ ਲਾਈ ਸੀ। ਹੈਰਾਨ ਹੋ ਕੇ ਨੇਕ ਨੇ ਚੱਕੀ। ਮਹਿਸੂਸ ਤਾਂ ਸੀ, ਕਿਸੇ ਨੇ ਇਲਜ਼ਾਮ ਉਸ ਉੱਤੇ ਲਾ ਦਿੱਤਾ। ਕੁੱਝ ਹੋਰ ਸੋਚਣ ਤੋਂ ਪਹਿਲਾਂ ਅੱਗ ਕਾਰ ਤਕ ਪਹੁੰਚ ਗਈ। ਗੱਡੀ ਅੱਗ ਨੇ ਭੱਖ ਲਈ। ਜੋਰ ਨਾਲ਼ ਧਮਾਕਾ ਹੋਇਆ। ਨੇਕ ਸੜ ਗਿਆ; ਉਸਦਾ ਸਰੀਰ ਪਾਟ ਗਿਆ। ਹਨੇਰੇ ਵਿਚ ਹਾਨ ਵੇਖਦਾ ਸੀ। ਮੂੰਹ ਉੱਤੇ ਲਾਠਾਂ ਨੱਚਦੀਆਂ ਸਨ"।

" ਮਾਂ ਨੂੰ ਮਾਰਿਆ। ਬਦਲਾ ਤਾਂ ਲੈਣਾ ਸੀ", ਰਘੇ ਨੇ ਕਿਹਾ।

" ਜਰੂਰ ਲਿਆ", ਚੈਂਗ ਨੇ ਗੱਲ ਅੱਗੇ ਤੋਰੀ", ਬਾਈ ਨੇ ਹਾਨ ਨੂੰ ਸੱਤ ਨਾਂ ਦਿੱਤੇ। ਸੱਤੇ ਬੰਦੇ ਬੇਜਿੰਗ ਦੇ ਖਾਸ ਆਦਮੀ ਸਨ। ਇਹ ਗੱਲ ਭਾਵੇਂ ਸੱਚੀ ਸੀ, ਇਕ ਗੱਲ ਹੋਰ ਵੀ ਸੱਚੀ ਸੀ; ਸਾਰੇ ਬਲਾਤਕਾਰੀ ਸਨ। ਉਸ ਰਾਤ ਸੱਤਾਂ ਨੇ ਪਾਰਟੀ ਕਰਕੇ ਬਹੁਤ ਸ਼ਰਾਬ ਪੀਤੀ ਸੀ। ਫਿਰ ਕੰਜਰ ਖਾਣੇ ਗਏ। ਵਾਰੀ ਵਾਰੀ ਮੁਲਾਨ ਦੇ ਕਮਰੇ'ਚ ਗਏ। ਉਨ੍ਹਾਂ ਦੀ ਨਜ਼ਰ'ਚ ਮਹਿਲਾ ਨਹੀਂ ਸੀ, ਪਰ ਖਿਡੌਣੀ ਸੀ, ਜਿਸ ਦੀ ਜਿਵੇਂ ਕਿਵੇਂ ਕੁਵਰਤੋਂ ਕਰ ਸਕਦੇ ਸਨ। ਜੇ ਸਾਹਮਣੇ ਆਵਦੀਆਂ ਮਾਵਾਂ, ਭੈਣਾਂ ਵਰਗੀ ਦੇਵੀ ਦਿੱਸਦੀ ਵੀ ਸੀ, ਚਸ਼ਮਪੋਸ਼ੀ ਕਰ ਲਈ। ਜਦ ਅੱਕ ਗਿਆ ਸਭ ਨੂੰ ਕਿਹਾ 'ਜਾਓ'। ਪਰ ਦਰਵਾਜ਼ਾ ਬੰਦ ਕਰਕੇ ਆਪ ਜਬਰਦਸਤੀ ਕੀਤੀ। ਇਕ ਮੰਤਰੀ ਦਾ ਲੜਕਾ ਸੀ, ਇਕ ਪੁਲਸੀ ਦਾ। ਪੰਜ ਮਿਤਰ ਉਨ੍ਹਾਂ ਦੇ ਸਨ। ਇਨ੍ਹਾਂ'ਚ ਇਕ ਦਾ ਨਾਂ ਬਾਈ ਨੂੰ ਯਾਦ ਸੀ, ਅਤੇ ਇਸ ਤੋਂ ਯਤਨ ਸ਼ੁਰੂ ਕੀਤਾ"।

" ਬੰਦੇ ਦਾ ਨਾਂ ਟੈਂਗ ਸੂ ਸੀ। ਜਦ ਹਾਨ ਥੋੜ੍ਹਾ ਜਿਹਾ ਹੋਰ ਜਵਾਨ ਹੋ ਗਿਆ, ਉਸ ਨੂੰ ਇਕ ਗਲੀ ਵਿਚ ਘੇਰ ਲਿਆ। ਚਾਕੂ ਨਾਲ਼ ਨਾਸਾਂ ਕੱਟ ਦਿੱਤੀਆਂ, ਫਿਰ ਸੁਆਲ ਪੁੱਛੇ। ਜਦ ਲੱਗਾ ਝੂੱਠ ਬੋਲਦਾ ਸੀ, ਗੋਡਿਆਂ ਦੀਆਂ ਖੁੱਚੀਆਂ ਕੱਟ ਦਿੱਤੀਆਂ। ਪਿੱਛਲੀਆਂ ਨਾੜਾਂ ਲੀਰੋ ਲੀਰ ਹੋ ਗਈਆਂ। ਟੈਂਗ ਨੇ ਸਾਰੇ ਨਾਂ ਦੱਸ ਦਿੱਤੇ। ਹਾਨ ਨੂੰ ਪੂਰਾ ਪਤਾ ਸੀ ਕਿਵੇਂ ਕਿਸੇ ਨੂੰ ਉਂਗਲੀਆਂ 'ਤੇ ਨਚਾਈਦਾ। ਇਕ ਪਲ ਲਈ ਹਾਨ ਨੇ ਟੈਂਗ ਦੀਆਂ ਅੱਖਾਂ'ਚ ਗੱਡ ਕੇ ਦੇਖਿਆ। ਸੋਚਿਆ, ' ਐ ਕਮਜੋਰ ਕੀੜਾ ਮੇਰਾ ਬਾਪ ਨਹੀਂ ਹੋ ਸਕਦਾ", ਫਿਰ ਗਲਾ ਕੱਟ ਦਿੱਤਾ"।

" ਹਾਨ ਨੂੰ ਟੈਂਗ ਨੇ ਛੇ ਨਾਂ ਦਿੱਤੇ ਸੀ। ਚਓ, ਜਿਅੰਗ, ਜ਼ੀਛਿਣ, ਵੈਂਗ, ਰੈਂਸੂ ਅਤੇ ਪਾਹਕ। ਪਾਹਕ ਪੁਲਸੀ ਦਾ ਪੁੱਤਰ ਸੀ। ਅੱਜ ਕੱਲ੍ਹ ਬੇਜਿੰਗ ਅਮੀਰ ਕੋਤਵਾਲੀ ਸੀ। ਇਕ ਰਾਤ ਹਾਨ ਪਾਹਕ ਦੀ ਖੁਲ੍ਹੀ ਬਾਰੀ ਵਿਚ ਦੀ ਲੰਘ ਕੇ ਬਾਥਰੂਮ'ਚ ਇਕ ਕੋਣੇ ਵਿਚ ਲੁਕ ਗਿਆ। ਹਨੇਰੇ'ਚ ਖੁੰਜੇ ਬੈਠਾ ਦਿੱਸਦਾ ਨਹੀਂ ਸੀ। ਪਾਹਕ ਦੀ ਵਹੁਟੀ ਇਕ ਬਾਰ ਅੰਦਰ ਆਈ। ਚੁੱਪ ਚਾਪ ਬੈਠਾ ਦੇਖਦਾ ਰਿਹਾ। ਵਹੁਟੀ ਨੂੰ ਪਤਾ ਨਹੀਂ ਲੱਗਾ। ਇਕ ਵਕਤ ਮੁੰਡਾ ਵੀ ਅੰਦਰ ਆਇਆ। ਉਸਨੇ ਵੀ ਹਾਨ ਨੂੰ ਦੇਖਿਆ ਨਹੀਂ। ਟਹਿਲਣ ਨੇ ਗੁਸਲ ਵਿਚ ਪਾਣੀ ਭਰਿਆ। ਭੂਤ ਵਾਂਗ ਹਾਨ ਬੈਠਾ ਰਿਹਾ। ਫਿਰ ਪਾਹਕ ਵੜਿਆ। ਦਰ ਅੰਦਰੋਂ ਬੰਦ ਕਰ ਦਿੱਤਾ। ਰੇਡਿਓ ਉੱਚੀ ਦੇਣੀ ਚਲਾਇਆ। ਯੂਰਪਾ ਦਾ ਸਨਾਤਨ ਸੰਗੀਤ ਸੀ। ਪਾਹਕ ਕਪੜੇ ਲਾਹ ਕੇ ਪਾਣੀ ਵਿਚ ਬਹਿ ਗਿਆ। ਅੱਖਾਂ ਮੀਚ ਲੀਆਂ। ਸੰਗੀਤ ਦੀਆਂ ਮਿੱਠੀਆਂ ਸੁਰਾਂ ਵਿਚ ਉਰ੍ਹਾਂ ਪਰ੍ਹਾਂ ਹੋ ਗਿਆ। ਹਾਨ ਨੂੰ ਦਿੱਸਿਆ ਕਿ ਪਾਹਕ ਮੋਟਾ ਭਾਰਾ ਬੰਦਾ ਸੀ ਪਰ ਆਵਦੇ ਰੂਪ ਦੇ ਨਕਸ਼ ਉਸਦੇ ਚਿਹਰ'ਚ ਟੋਲ ਰਿਹਾ ਸੀ। ਪੱਕੀ ਗੱਲ ਸੀ, ਇਹ ਵੀ ਪਿਉ ਨਹੀਂ ਹੋ ਸੱਕਦਾ। ਫਿਰ ਪਾਣੀ'ਚ ਪਏ ਪਾਹਕ'ਤੇ ਮਾਂ ਦੀ ਤਸਵੀਰ ਸੁਟ ਦਿੱਤੀ"।

" ਪਾਹਕ ਨੇ ਅੱਖਾਂ ਖੋਲ੍ਹੀਆਂ। ਹੈਰਾਨ ਸੀ। ਫਿਰ ਵੀ ਫੋਟੋ ਚੱਕ ਕੇ ਦੇਖੀ। ਕੁੜੀ ਪਛਾਣ ਲਈ। ਹੁਣ ਦਿਮਾਗ ਨੇ ਯਾਦ ਕਰਾਇਆ ਕਿ ਕੋਈ ਹੋਰ ਬਾਥਰੂਮ ਵਿਚ ਸੀ। ਹਾਨ ਹਾਲੇ ਬੋਲਿਆ ਨਹੀਂ ਸੀ। ਹਨੇਰਿਓਂ ਬਾਹਰ ਆ ਗਿਆ। ਹਾਨ ਨੇ ਪਸਤੌਲ ਦੀ ਨਾਲੀ ਉਸਦੇ ਮੂੰਹ ਵਿਚ ਪਾ ਦਿੱਤੀ। ਦੂਜੇ ਹੱਥ ਨਾਲ ਪਾਹਕ ਨੂੰ ਬਲੇਡ ਫੜ੍ਹਾ ਦਿੱਤਾ"।

" ਫਿਰ ਅਡੋਲ ਅਵਾਜ਼ ਵਿਚ ਪਾਹਕ ਨੂੰ ਕਿਹਾ, 'ਬਲੇਡ ਨਾਲ ਕਲਾਈ ਦੀ ਨਾੜ ਕੱਟ, ਪਿਤਾ ਜੀ; ਮੰਮੀ ਵੱਲੋਂ ਉਪਹਾਰ ਹੈ। ਜੇ ਇੰਝ ਕੀਤਾ ਨਹੀਂ, ਪਹਿਲਾਂ ਤੁਹਾਡੇ ਭੇਜਾ ਗੋਲੀ ਨਾਲ਼ ਖਾਲੀ ਕਰੂੰ,'ਤੇ ਫਿਰ ਤੁਹਾਡਾ ਸਾਰਾ ਟੱਬਰ ਮਾਰਦੂੰਗਾ। ਲਓ, ਮਾਂ ਲਈ ਅਰਪਣ ਕਰੋ'। ਡਰਕੇ ਪਾਹਕ ਨੇ ਨਾੜ ਕੱਟ ਦਿੱਤੀ। ਫਿਰ ਇਵੇਂ ਘੰਟੇ ਲਈ ਹਾਨ ਬੈਠਾ ਉਸ ਵੱਲ ਝਾਕੀ ਗਿਆ। ਹਾਰਕੇ ਪਸਤੌਲ ਪਰੇ ਕਰਕੇ ਬੋਲਿਆ, 'ਤੂੰ ਕਿਥੇ ਬਾਪ e◌ਂ◌ੇ'। ਪਾਹਕ

ਦਾ ਸਿਰ ਪਾਣੀ ਵਿਚ ਠੇਸ ਠੇਲ੍ਹ ਕੇ ਬਾਰੀ'ਚੋਂ ਬਾਹਰ ਨਿਕਲ ਗਿਆ। ਮਾਂ ਦੀ ਤਸਵੀਰ ਉਥੇ ਹੀ ਛੱਡ ਦਿੱਤੀ, ਪਾਣੀ ਵਿਚ ਤਰਦੀ, ਗਵਾਚੀ ਕਿਸ਼ਤੀ, ਡੱਕੇ ਡੋਲੇ ਖਾਂਦੀ"।

" ਫਿਰ ਤਾਂ ਪੁਲਸ ਨੂੰ ਪਤਾ ਲੱਗ ਗਿਆ ਹੋਵੇਗਾ", ਰਘੇ ਨੇ ਮਿਥਿਆ।

" ਹੋਰ! ਇਸ ਕਰਕੇ ਜੇਹੜੇ ਰਹਿੰਦੇ ਸਨ, ਸਭ ਨੂੰ ਉਸਨੇ ਇਕ ਦਮ...", ਚੈਂਗ ਨੇ ਉਂਗਲੀ ਆਵਦੇ ਗਲੇ ਸਾਹਮਣੇ ਪਾਰ ਕੀਤੀ।

" ਸਾਰੇ ਮਾਰ ਦਿੱਤੇ?", ਢਾਸੀ ਨੇ ਪੁਛਿਆ।

" ਅੱਗਲੀ ਰਾਤ, ਪਾਹਕ ਮਾਰਨ ਤੋਂ ਬਾਅਦ ਚਓ ਮਗਰ ਗਿਆ। ਚਓ ਵਿਆਇਆ ਨਹੀਂ ਸੀ। ਹਰ ਰਾਤ ਕੱਲਬਾਂ ਵਿਚ ਬੀਤਦੀ ਸੀ। ਬਾਹਾਂ ਵਿਚ ਇਕ ਦੋ ਸਮਲਿੰਗੀਆਂ ਕੁੜੀਆਂ ਫੜੀਆਂ ਹੁੰਦੀਆਂ। ਉਸ ਤਰ੍ਹਾਂ ਦਾ ਕੱਲਬ ਸੀ, ਜਿਥੇ ਨੰਗੀਆਂ ਜਨਾਨੀਆਂ ਮੇਜ ਉੱਤੇ ਪਈਆਂ ਸਨ, ਪਿੰਡੇ ਉੱਤੇ ਖਾਣ ਲਈ ਭੋਜਨ ਰੱਖਿਆ। ਬੇਕਪੜੇ ਬਦਨ ਤੋਂ ਚੱਕ ਕੇ ਗਾਹਕ ਖਾਂਦੇ ਸਨ। ਇਕ ਰਾਤ ਇਸ ਤਰ੍ਹਾਂ ਦੀ ਥਾਂ ਤੋਂ ਚਓ ਬਾਹਰ ਆਇਆ, ਦੋ ਸਹੇਲੀਆਂ ਨਾਲ਼। ਪੈਦਲ ਚਓ ਦੇ ਘਰ ਚੱਲਦੇ ਜਦੋਂ ਲਫੰਗਿਆਂ ਮੁੰਡਿਆਂ ਦਾ ਟੋਲਾ ਮਿੱਲਿਆ। ਦੱਸ ਮੁੰਡੇ ਸਨ। ਉਮਰ'ਚ ਦਸਾਂ ਸਾਲਾਂ ਤੋਂ ਸਤਾਰਾਂ ਤੱਕ। ਕਿਸੇ ਦੇ ਹੱਥ ਤੇਸੀ ਸੀ, ਕਿਸੇ ਦੇ ਗੰਡਾਸਾ, ਜ਼ੰਜੀਰ ਜਾਂ ਬੇਸਬਾਲ ਬੈਟ। ਤੀਵੀਆਂ ਤਾਂ ਡਰ ਗਈਆਂ। ਚਓ ਨੇ ਹੌਲੀ ਹੌਲੀ ਆਵਦਾ ਬਟੂਆ ਕੱਢਿਆ, ਪਰ ਓਨ੍ਹਾਂ ਦਾ ਮਕਸਦ ਪੈਸੇ ਲੁੱਟਣ ਦਾ ਨਹੀਂ ਸੀ"।

"ਚਓ ਪਰੇਸ਼ਾਨ ਹੋ ਗਿਆ। ' ਕੀ ਚਾਹੁੰਦੇ ਹੋ?' ਕੁੜੀਆਂ? ਲੈ ਲੋ!', ਜ਼ਬਰਦਸਤੀ ਇਕ ਨਾਰੀ ਅੱਗੇ ਧੱਕ ਦਿੱਤੀ। ਉਸ ਲਈ ਟੋਲਾ ਪਾਸੇ ਹੋ ਗਿਆ। ਟੋਲੇ ਦੇ ਪੇਟ ਵਿੱਚੋਂ ਇਕ ਲੰਬਾ ਮੁੰਡਾ ਅੱਗੇ ਆਇਆ। ਚਓ ਹੈਰਾਨ ਸੀ, ਕਿਉਂਕਿ ਸ਼ਕਲ'ਚ ਚਓ ਵਰਗਾ ਸੀ। ਓਹੀ ਅੱਖਾਂ, ਓਹੀ ਬੁੱਲ੍ਹ, ਓਹੀ ਨੱਕ। ਮੁੰਡੇ ਦੀਆਂ ਅੱਖਾਂ'ਚੋਂ ਸਾਫ਼ ਦਿੱਸਦਾ ਸੀ ਕਿ ਉਸਨੂੰ ਵੀ ਕੋਈ ਪਛਾਣ ਹੋਈ"।

"ਜਿਸ ਜਨਾਨੀ ਨੂੰ ਚਓ ਨੇ ਮੋਹਰੇ ਕੀਤਾ ਸੀ, ਉਸ ਨੂੰ ਘੁੰਮਾਕੇ ਮੁੰਡੇ ਨੇ ਆਵਦੀਆਂ ਬਾਹਾਂ'ਚ ਲੈ ਲਿਆ। ਤੀਵੀਂ ਦੇ ਮੋਢੇ ਪਿੱਛੋਂ ਚਓ ਵੱਲ ਉਕਾਬੀ ਅੱਖਾਂ ਨਾਲ਼ ਝਾਕਦਾ ਸੀ। ਤੀਵੀਂ ਦੀ ਠੋਡੀ ਹੱਥ'ਚ ਫੜੀ"।

" ' ਡੈਡੀ, ਤੁਸੀਂ ਮੇਰੇ ਨਾਲ਼ ਇਸ ਦਾ ਜਿਸਮ ਵੰਡਣਾ?'। ਚਓ ਨੂੰ ਮੁੰਡੇ ਦੀ ਗੱਲ ਇਕ ਦਮ ਸੋਝੀ ਨਹੀਂ ਪਈ। ਮੁੰਡੇ ਨੇ ਅਬਲੀ ਪਰ੍ਹਾਂ ਧੱਕ ਦਿੱਤੀ, ਕੋਈ ਹੋਰ ਮਛੋਹਰ ਦੇ ਹੱਥਾਂ ਵਿਚ। ਮੁੰਡੇ ਨੇ ਕੁੱਝ ਚਓ ਵੱਲ ਸੁੱਟਿਆ। ਧਰਤੀ 'ਤੇ ਡਿੱਗ ਪਿਆ। ਚਓ ਨੇ ਹੇਠਾਂ ਤੱਕਿਆ, ਤਸਵੀਰ ਵੱਲ। ਹੌਕੀ ਹੌਲੀ ਪਛਾਣ ਲਿਆ, 'ਤੇ ਸਮਝ ਆ ਗਈ ਸੀ। ਕੁੱਝ ਕਹਿਣ ਲੱਗਾ ਸੀ, ਜਦ ਮੁੰਡੇ ਨੇ ਆਖਿਆ, ' ਪਿਤਾ ਜੀ, ਹੈੱਲੋ, ਹਾਓ ਆਰ ਯੂ?'। ਦੋਨਾਂ ਦੀਆਂ ਅੱਖਾਂ ਮਿੱਲੀਆਂ"।

"ਹਾਨ ਨੂੰ ਉਸ ਬਿੰਦ ਵਿਚ ਪੱਕਾ ਪਤਾ ਸੀ ਕਿ ਚਓ ਹੀ ਮੇਰਾ ਪਿਤਾ ਹੈ। ਚਓ ਦਾ ਮੁਖੜਾ ਵੇਖਕੇ ਓਦਾਂ ਲੱਗੇ ਜਿਵੇਂ ਸ਼ੀਸ਼ੇ ਵਿਚ ਝਾਕਦਾ ਹੁੰਦਾ। ਪਲ ਲਈ ਆਵਦੀ ਮਾਂ ਲਈ ਰਹਿਮ ਚੜ੍ਹਿਆ। ਉਸ ਹੀ ਪਲ ਵਿਚ ਚਓ ਦਾ ਸਿਰ ਛੁਰੇ ਨਾਲ਼ ਕੱਟ ਦਿੱਤਾ। ਇਕ ਝਟਕੇ ਨਾਲ਼ ਪਿੰਡੇ ਤੋਂ ਲੈ ਨਹੀਂ ਸੱਕਿਆ। ਚਾਰ ਪੰਜ ਵਾਰੀ ਮਾਰ ਕੇ ਹਲਾਕ ਕੀਤਾ। ਥੋੜੇ ਚਿਰ ਲਈ ਧੜ ਖੜ੍ਹੋਤੀ ਰਹੀ। ਮੁਰਗੀ ਵਾਂਗ, ਤੜਫ ਕੇ, ਚਓ ਦੀ ਧੜ ਬੁੜਕ ਬੁੜਕ ਰਹੀ ਸੀ। ਫਿਰ ਭੁੰਜੇ, ਧਰਤੀ ਤੇ ਧੱਪਾ ਮਾਰਿਆ। ਦੋਨੋਂ ਤੀਵੀਆਂ ਤੋਂ ਚਾਂਗ ਨਿਕਲ ਗਈ। ਚੀਕਾਂ ਦਾ ਕੋਈ ਅਸਰ ਨਹੀਂ ਪਿਆ"।

" ਟੋਲੇ ਦੇ ਹੁਆਂ ਹੁਆਂ ਨੇ ਅਵਾਜ਼ਾਂ ਗੁੰਮ ਕਰ ਦਿੱਤੀਆਂ।ਓਨ੍ਹਾਂ ਦੇ ਆਲੇ ਦੁਆਲੇ ਆ ਕੇ ਜਾਨ ਲੈ ਲਈ। ਇਕ ਦੇ ਗਲੇ ਉੱਤੇ ਲੂੰਬੜ ਦਾ ਸਮੂਰ ਸੀ, ਸਿਰ ਸਿਨੇ, ਗੁਲੂਬੰਦ ਬਣਾਇਆ। ਕਿਸੇ ਨੇ ਹਾਨ ਵੱਲ ਸੁੱਟ ਦਿੱਤਾ। ਹਾਨ ਨੇ ਗੁਲੂਬੰਦ ਵੱਲ ਦੇਖਿਆ। ' ਹਾਨ ਇਹਨੂੰ ਰੱਖ। ਬਹੁਤ ਮੁਲ ਦਾ ਹੈ।ਵੇਚ ਦਈਂ'। ਹਾਨ ਨੇ ਲੂੰਬੜ ਦੀ ਖੱਲ ਵੱਲ ਝਾਕਿਆ, ਧਿਆਨ ਨਾਲ਼। ਇਕ ਦਮ ਮੋਹ ਆਗਿਆ"।

" ਚਓ ਮਾਰ ਦਿੱਤਾ। ਬਾਪ ਲੱਭ  ਗਿਆ, ਫਿਰ ਹੋਰ ਸਾਰਿਆਂ ਨੂੰ ਛੱਡ ਦਿੱਤਾਂ?", ਢਾਸੀ ਨੇ ਵਾਤ ਲਈ।

" ਨਹੀਂ", ਚੈਂਗ ਨੇ ਉੱਤਰ ਦਿੱਤਾ। " ਹੁਣ ਖੋਭੇ ਦਾ ਬਦਲਾ ਲੈਣਾ ਹੀ ਸੀ"। ਸਾਰੇ ਓਹਦੇ ਵੱਲ ਗਹੁ ਨਾਲ਼ ਝਾਕੇ। ਚੈਂਗ ਨੇ ਅੱਗੇ ਕਹਾਣੀ ਤੋਰੀ, " ਮੰਤਰੀ ਦਾ ਬੇਟਾ ਰੈਂਸ਼ੂ ਸੀ, ਸਾਰਿਆਂ ਦਾ ਲੀਡਰ। ਉਸਨੂੰ ਅਖੀਰ 'ਤੇ ਮਾਰਿਆ। ਚਓ ਤੋਂ ਬਾਅਦ ਜ਼ੀਛਿਣ ਦੀ ਵਾਰੀ ਆਈ। ਹੁਣ ਹਾਨ ਟੋਲੇ ਦਾ

ਸਾਹਿਬ ਸੀ, ਸਭ 'ਤੇ ਹੁਕਮ ਚਲਾਉਂਦਾ। ਕਿਉਂਕਿ ਸਾਰਿਆਂ ਦੀਆਂ ਲਾਸ਼ਾਂ'ਤੇ ਮੁਲਾਨ ਦੀ ਤਸਵੀਰ ਮਿਲੀ, ਪੁਲਸ ਨੇ ਬਾਈ ਦੀ ਕੋਠੀ'ਤੇ ਛਾਪਾ ਮਾਰਿਆ। ਸਾਰੀਆਂ ਕਸਬਨਾਂ ਜੇਲ੍ਹ'ਚ ਕੈਦ ਕਰ ਦਿੱਤੀਆਂ। ਬਾਈ ਬੰਦੀ ਬਣ ਗਈ, ਪਰ ਹਾਨ ਤਾਂ ਸੁਤੰਤਰ ਸੀ। ਜ੍ਹੀਛਿਣ, ਰੈਂਸ਼ੂ ਅਤੇ ਜਿਅੰਗ ਬੇਫਿਕਰ ਹੋ ਗਏ। ਕੇਵਲ ਵੈਂਗ ਡਰਦਾ ਸੀ। ਉਸ ਬਾਰੇ ਮੈਂ ਬਾਅਦ ਦੱਸੂੰਗਾ। ਜ੍ਹੀਛਿਣ ਨੂੰ ਗੈਂਗ ਨੇ ਫੜ ਲਿਆ। ਸੀਸ 'ਤੇ ਫਨ ਪਾਕੇ ਹਾਨ ਦੇ ਸਾਹਮਣੇ ਲੈ ਕੇ 'ਆਂਦਾ। ਹਾਨ ਨੇ ਸਮਝਾਇਆ ਓਹ ਕੌਣ ਸੀ ਅਤੇ ਕਾਹਤੋਂ ਜ੍ਹੀਛਿਣ ਨੂੰ ਓਥੇ ਲਿਆਂਦਾ।ਫਿਰ ਆਵਦੇ ਲਫੰਗਿਆਂ ਨੂੰ ਆਗਿਆ ਦਿੱਤੀ ਜ੍ਹੀਛਿਣ ਦੀ ਪਤ ਲਾਹੁਣੀ ਦੀ। ਸਾਰੀ ਰਾਤ ਉਸ ਉੱਤੇ ਪਾਪ ਕੀਤੇ। ਅੱਗਲੇ ਦਿਨ ਲਾਸ਼ ਸਾੜ ਕੇ ਥਾਣੇ ਮੋਹਰੇ ਸੁੱਟ ਦਿੱਤੀ"।

" ਜਦ ਬਾਹਰ ਇਕ ਪੁਲਸੀ ਆਇਆ, ਉਸ ਨੇ ਵੇਖਿਆ ਜ੍ਹੀਛਿਣ ਦੀ ਲੋਥ ਉੱਤੇ ਮੁਲਾਨ ਦੀ ਤਸਵੀਰ ਲਾਈ ਸੀ। ਸਿਰਫ਼ ਇਹ ਪੁਲਸੀ ਹੀ ਬਚਿਆ। ਹਾਨ ਦੇ ਗਿੱਦੜਾਂ ਨੇ ਥਾਣੇ ਨੂੰ ਅੱਗ ਲਾ ਦਿੱਤੀ। ਜਿੰਨ੍ਹੇ ਅੰਦਰ ਸੀ, ਸਾਰੇ ਮਰ ਗਏ। ਬਾਈ ਅਤੇ ਉਸ ਦੀਆਂ ਕੁੜੀਆਂ ਵੀ। ਹਾਨ ਨੂੰ ਕਿਥੇ ਰਹਿਮ ਆਇਆ"।

" ਫਿਰ ਜਿਅੰਗ ਦੀ ਵਾਰੀ ਆਈ। ਹਾਨ ਨੇ ਟੋਲੇ ਨੂੰ ਥਾਣੇ ਭੇਜਿਆ ਸੀ, ਪਰ ਓਹ ਉਸ ਵੇਲੇ ਜਿਅੰਗ ਮਗਰ ਗਿਆ।ਇੱਕਲਾ। ਉਸ ਰਾਤ ਸ਼ਹਿਰ ਦਾ ਧਿਆਨ ਉਸ ਟੋਲੇ ਵੱਲ ਸੀ। ਹੌਲੀ ਹੌਲੀ ਸਾਰੇ ਫੜ ਲਏ। ਸਭ ਨੂੰ ਲੱਗਾ ਕਾਤਲ ਮਿਲ ਪਏ। ਰੈਂਸ਼ੂ ਨੂੰ ਵੀ। ਕਿਸੇ ਨੂੰ ਹਾਨ ਬਾਰੇ ਪਤਾ ਨਹੀਂ ਸੀ"।

" ਜਿਅੰਗ ਕੋਲੇ ਕੁੱਤਾ ਸੀ। ਦੋਨੋਂ ਸਾਰੇ ਪਾਸੇ ਇੱਕਠੇ ਜਾਂਦੇ ਸਨ। ਉਸ ਰਾਤ ਬੇਫਿਕਰ ਜਿਅੰਗ ਨੇ ਕੁੱਤੇ, ਜਿਸ ਦਾ ਨਾਂ ਯਿਪ ਮੱਨ ਸੀ, ਨੂੰ ਬਾਗ਼ ਵਿਚ ਤੋਰਨ ਲੈ ਕੇ ਗਿਆ ਸੀ। ਡੂੰਘੀ ਰਾਤ ਸੀ। ਪੂਰਾ ਹਨੇਰਾ। ਜਦ ਇਕ ਜਪਾਨੀ ਰੁੱਖ ਹੇਠ ਜਿਅੰਗ ਖਲੋਇਆ, ਇਕ ਫਾਂਸੀ ਡਾਲੀਆਂ'ਚੋਂ ਥੱਲੇ ਆਈ ਬਿਜਲੀ ਵਾਂਗ; ਜਿਅੰਗ ਦਾ ਸਿਰ ਝੱਬੂ'ਚ ਫਸ ਗਿਆ। ਨਾਲੋਂ ਨਾਲ ਯਿਪ ਮੰਨ ਭੌਂਕੀ ਗਿਆ। ਜਿਅੰਗ ਹੈਰਾਨ ਹੋ ਗਿਆ। ਫਿਰ ਰਸੀ ਨੇ ਉਸਨੂੰ ਉਪਰ ਖਿੱਚ ਲਿਆ। ਅੱਖਾਂ ਕੱਢੀਆਂ। ਜੀਭ ਮੂੰਹ'ਚੋਂ ਨਿਕਲੀ। ਹੇਠਾ ਜਿਅੰਗ ਹਲਕਾ ਹੋਗਿਆ। ਉਸ ਦੇ ਸਾਹਮਣੇ ਹਨੇਰੇ ਦੇ ਪੇਟ'ਚੋਂ ਹਾਨ ਬਾਹਰ ਆ ਗਿਆ। ਯਿਪ ਮੰਨ ਨੇ ਉਸ ਵੱਲ ਮੋਰਚਾ ਲਾਇਆ।ਪਰ ਹਾਨ ਨੇ ਚਾਕੂ ਚੋਭ ਦਿੱਤਾ। ਯਿਪ ਮੰਨ ਨੇ ਹੀਗੇ ਛੋਹੇ। ਹਾਨ ਨੇ ਗਲਾ ਕੱਟ ਦਿੱਤਾ। ਫਿਰ ਜਿਅੰਗ ਦੇ ਸਾਹਮਣੇ ਕੁੱਤੇ ਦੀ ਖੱਲ ਲਾਈ"।

" 'ਕਿੰਨਾਂ ਮੁਲ ਹੋਵੇਗਾ ਇਸ ਕੁੱਤੇ ਦੀ ਚੰਮ ਦਾ,ਹੈਂ?', ਜਦ ਇਹ ਕੰਮ ਕਰਕੇ ਹਾਨ ਖੜੋਤਾ, ਸਾਰਾ ਸਰੀਰ ਰੱਤੋ ਰੱਤ ਸੀ। ਹਾਨ ਨੂੰ ਇਸ ਹਾਲ ਵਿਚ ਵੇਖ ਕੇ ਜਿਅੰਗ ਦਾ ਖ਼ੂਨ ਸੁੱਕ ਗਿਆ। ਹਾਨ ਨੇ ਇਕ ਹੱਥ ਅੱਗੇ ਵੱਧਾਇਆ। ਮਾਂ ਦੀ ਤਸਵੀਰ ਜਿਅੰਗ ਨੂੰ ਦਿਖਾ ਦਿੱਤੀ। ਖ਼ੂਨ ਵਿਚ ਲਤਪਤ, ਯਿਪ ਮੰਨ ਦੀ ਚੰਮ ਇਕ ਹੱਥ ਵਿਚ, ਹਾਨ ਉਥੋਂ ਤੁਰ ਪਿਆ। ਜਿਅੰਗ ਲਟਕਦਾ ਰਹਿ ਗਿਆ। ਹਾਰਕੇ ਧੌਣ ਟੁੱਟ ਗਈ; ਪਰ ਇਸ ਤੋਂ ਪਹਿਲਾਂ ਪਿਸ਼ਾਬ ਅਤੇ ਵਿਸ਼ਟਾ ਨਿਕਲ ਗਏ ਸਨ"। ਚੈਂਗ ਚੁੱਪ ਹੋ ਗਿਆ।ਬਿੰਦ ਬਾਅਦ ਕਿਹਾ, " ਹੁਣ ਰੈਂਸ਼ੂ ਦੀ ਵਾਰੀ ਸੀ "।

"ਰੈਂਸ਼ੂ ਕਮਲਾ ਨਹੀਂ ਸੀ। ਉਸਨੇ ਆਵਦੇ ਘਰ ਰਾਖਵਾਲੇ ਰੱਖਿਉ ਸਨ ਅਤੇ ਕਈ ਪੁਲਸੀਏ ਵੀ। ਘਰ ਉਸਦੀ ਵਹੁਟੀ, ਧੀ ਅਤੇ ਇੱਕਲਾ ਮੁੰਡਾ ਸਨ। ਉਸ ਰਾਤ ਸਭ ਮੇਜ਼'ਤੇ ਰੋਟੀਆਂ ਖਾਂਦੇ ਸਨ। ਲਾਲ ਭੂਤ ਵਾਂਗ ਸਾਹਮਣੇ ਹਾਨ ਆ ਖੜਿਆ। ਧੀ ਨੇ ਚੀਕ ਮਾਰੀ। ਉਸ ਦੇ ਗਲੇ'ਤੇ ਚਾਕੂ ਰੱਖ ਦਿੱਤਾ। ਸਾਰੇ ਚੁੱਪ ਹੋ ਗਏ। ਕਮਰੇ ਦੇ ਬਾਹਰ ਚੌਂਕੀਦਾਰ ਖੜ੍ਹੇ ਸਨ, ਬੇਖਬਰ"।

"ਫਿਰ ਕੀ ਹੋਇਆ?", ਰਘੇ ਨੇ ਪੁਛਿਆ।
" ਬਸ ਸਭ ਪਹੁ ਫੱਟਣ ਤੋਂ ਪਹਿਲਾਂ ਹੀ ਮਾਰ ਦਿੱਤੇ। ਜਦ ਬਹੁਤ ਦੇਰ ਬਾਅਦ, ਦਰ ਰੈਂਸ਼ੂ ਨੇ ਖੋਲ੍ਹਿਆ ਨਹੀਂ, ਰਾਖੀਆਂ ਨੇ ਬੂਹੇ ਨੂੰ ਤੋੜ ਦਿੱਤਾ। ਅੰਦਰ ਚਾਰ ਲਾਸ਼ਾਂ ਸਨ। ਚਾਰਾਂ ਦੀਆਂ ਖੱਲਾਂ ਲਾਹੀਆਂ ਹੋਈਆਂ ਸਨ। ਰੈਂਸ਼ੂ ਦੇ ਮੱਥੇ ਉੱਤੇ ਮੁਲਾਨ ਦੀ ਤਸਵੀਰ ਜੋੜੀ ਹੋਈ ਸੀ। ਮੁੰਡੇ, ਧੀ ਦੇ ਅੰਗ ਕੱਟੇ ਸਨ। ਪਰ ਕਿਸੇ ਨੂੰ ਹਾਨ ਬਾਰੇ ਪਤਾ ਨਹੀਂ ਸੀ। ਰਾਤ ਦੇ ਘੁੱਪ ਹਨੇਰੇ'ਚ ਹਜ਼ਮ ਹੋ ਗਿਆ। ਮੈਨੂੰ ਵੀ ਬਹੁਤ ਵਰ੍ਹਿਆਂ ਬਾਅਦ ਇਨ੍ਹਾਂ ਗੱਲਾਂ ਬਾਰੇ ਦੱਸਿਆ। ਪਹਿਲਾਂ ਮੈਂ ਨਹੀਂ ਮੰਨਦਾ ਸੀ, ਪਰ ਜਦ ਮੈਂ ਕਾਗ਼ਜ਼ ਪੱਤਰ ਵੇਖੇ, ਰੈਂਸ਼ੂ ਅਤੇ ਦੂਜਿਆਂ ਬਾਰੇ ਬਹੁਤ ਕੁੱਝ ਸੀ। ਸੱਚ ਮੁੱਚ ਇੱਦਾਂ ਹੀ ਮਾਰੇ ਗਏ। ਪਰ ਕੁੱਝ ਚੀਜ਼ਾਂ ਪੁਲਸ ਜਾਂ ਪੱਤਰਕਾਰ ਦੇ ਉੱਲੇਖਾਂ ਨਹੀਂ ਹੁੰਦੀਆਂ"।

" ਕੀ ਚੀਜ਼ਾਂ?", ਢਾਸੀ ਨੇ ਪੁੱਛਿਆ।

ਚੈਂਗ ਖਾਮੋਸ਼ ਹੋਗਿਆ। ਆਲੇ ਦੁਆਲੇ ਅੱਖ ਬਚਾ ਕੇ ਝਾਕਦਾ ਸੀ। ਫਿਰ ਲੰਮੇ ਜੁਗੜੇ ਬੀਤਣ ਬਾਅਦ ਬੋਲਿਆ। " ਹਾਨ ਨੇ ਮਾਰ ਮਾਰ ਰੈਂਸ਼ੂ ਦੀਆਂ ਵੱਖੀਆਂ ਸੇਕ ਦਿੱਤੀਆਂ। ਜਦ ਮੁਲਾਨ ਦੀ ਤਸਵੀਰ ਪੇਸ਼ ਕੀਤੀ, ਝੱਟ ਫੱਟ ਰੈਂਸ਼ੂ ਸਮਝ ਗਿਆ। ਹਾਨ ਨੇ ਉਸਨੂੰ ਕਿਹਾ, ' ਤੂੰ ਟੋਲੇ ਦਾ ਲੀਡਰ ਸੀ ਨਾ? ਤੂੰ ਹਵਸ ਕੱਢਣ ਲਈ ਮੇਰੀ ਮਾਂ ਰੇਪ ਕੀਤੀ। ਜੇਹੜਾ ਮਰਜੀ ਥੋਡੇ 'ਚੋਂ ਮੇਰਾ ਪਿਤਾ ਹੋਵੇ, ਸਭ ਦਾ ਨਾਸ ਕਰ ਦੇਣਾ'"।

" ' ਮੈਨੂੰ ਮਾਫ਼ ਕਰ ਪੁੱਤਰ। ਮੇਰੇ ਟੱਬਰ ਨੇ ਕੁੱਝ ਨਹੀਂ ਕੀਤਾ!'। ' ਤੂੰ ਸੋਚਦਾਂ ਮੈਂ ਕੇਵਲ ਮਾਂ ਦੇ ਬਦਲੇ ਇਹ ਕਰ ਰਿਹਾ ਹਾਂ? ਕਮਲਿਆ, ਮੈਨੂੰ ਲੋਕਾਂ ਨੂੰ ਮਾਰ ਕੇ ਅਨੰਦ ਆਉਂਦਾ। ਉਂਝ ਥਹੋਨੂੰ ਮਾਰ ਕੇ ਕੀ ਮਿਲਣਾ? ਜਾਨਵਰ ਦੀ ਖੱਲ ਲਈ ਬਹੁਤ ਪੈਸੇ ਮਿਲਦੇ। ਤੇਰੇ ਵਰਗੇ ਬੰਦੇ ਦੇ ਦਿਲ ਲਈ ਕਿੰਨਾ ਮਿਲੂਗਾ?'; ਇਹ ਸੁਆਲ ਪੁੱਛਕੇ ਰੈਂਸ਼ੂ ਦਾ ਦਿਲ ਕੱਟ ਕੇ ਵਹੁਟੀ ਦੇ ਮੂੰਹ ਵਿੱਚ ਪਾ ਦਿੱਤਾ। ਤੁਹਾਨੂੰ ਇਕ ਗੱਲ ਸਮਝਣੀ ਚਾਹੀਦੀ ਹੈ। ਹਾਨ ਵਰਗੇ ਆਦਮੀ ਵਿਚ ਕੋਈ ਰਹਿਮ ਨਹੀਂ ਹੈ। ਕਿਸੇ ਲਈ ਤਰਸਦਾ ਨਹੀਂ। ਸੋਚਣ ਤੋਂ ਬਿਨਾ ਤੁਹਾਡੀ ਜਾਨ ਲੈਜੂੰ"।

" ਮਾਂ ਦਾ ਬਦਲਾ ਬਹਾਨਾ ਸੀ", ਰਘੇ ਨੇ ਦਲੀਲ ਦਿੱਤੀ।
" ਹੋਰ!। ਖ਼ੂਨ ਕਰਨ ਤੋਂ ਬਾਅਦ ਓਨੂੰ ਕੁੱਝ ਨਹੀਂ ਹੋਇਆ।ਬਚਪਣ ਤੋਂ ਵੱਡੇ ਵੱਡੇ ਲੋਕ ਜਾਣਦਾ ਸੀ। ਕੰਜਰਖਾਨੇ ਜੋ ਜਾਂਦੇ ਸਨ। ਇੱਦਾਂ ਇਕ ਰੈਂਸ਼ੂ ਦੇ ਰਕੀਬ ਨੇ ਓਸ ਦੀ ਮਦਦ ਕੀਤੀ ਸ਼ਿਕਾਰੀ ਦੇ ਕੰਮ'ਚ ਦਾਖਲ ਹੋਣ ਦੀ। ਉਸ ਦਿਨ ਤੋਂ ਖੱਲਾਂ ਛਿਲਦਾ ਆਇਆ। ਮੈਂ ਓਸ ਟੈਮ'ਤੇ ਕੂ ਨੂੰ ਮਿਲਿਆ। ਆਦਮੀ, ਜਾਂ ਸ਼ੇਰ। ਉਸ ਲਈ ਤਾਂ ਇੱਕੋਂ ਹੀ ਗੱਲ ਹੈ"।

" ਸ਼ਤਾਨ ਪਤਾ ਨਹੀਂ ਕਿਹੜਾ ਵੱਡਾ ਹੈ। ਕੂ ਜਾਂ ਸ਼ੈਤਾਨ", ਢਾਸੀ ਨੇ ਦੱਬੇ ਜਿਹੇ ਮੂੰਹੋਂ ਬੋਲਿਆ।
" ਸ਼ੈਤਾਨ ਕਿਥੇ ਹੈ। ਕੰਬਖਤ ਤਾਂ ਹਾਨ ਦਾ ਸ਼ਿਕਾਰ ਹੈ। ਵਿਚਾਰੇ ਲਈ ਸੋਰੀ ਫੀਲ ਕਰਦਾ ਆਂ", ਅਜੋਹੇ ਨੇ ਦਰਦ ਨਾਲ ਕਿਹਾ। " ਸੋ ਰਘੂ। ਆਪਣਾ ਆਪ ਨੂੰ ਸੰਭਾਲ ਕੇ ਰੱਖੀਂ। ਪੰਗੇ ਨ੍ਹੀਂ ਲੈਣੇ। ਸਮਝ ਗਿਆ?"। ਰਘੇ ਨੇ ਕੋਈ ਜਵਾਬ ਨਹੀਂ ਦਿੱਤਾ। ਚੁੱਪ ਹੋ ਗਿਆ। ਭਰਵੀਂ ਨਿਗ੍ਹਾ ਨਾਲ਼ ਚੈਂਗ ਵੱਲ ਝਾਕਿਆ। ਮਨ ਵਿਚ ਮੂਵੀ ਵਾਂਗ ਹਾਨ ਦਾ ਸਾਰਾ ਜੀਵਨ ਫਿਰ ਦਿਸਿਆ। ਪਾਪ ਦਾ ਬੱਚਾ। ਰੰਡੀ ਮਾਂ। ਬਾਈ ਨੇ ਅੱਲ੍ਹੜ ਮਛੋਹਰ ਤੋਂ ਜਵਾਨ ਕੀਤਾ। ਫਿਰ ਹਤਿਆਰਾ ਬਣ ਗਿਆ। ਘਾਤੀ ਤੋਂ ਸ਼ਿਕਾਰ ਬਣ ਗਿਆ। ਬੰਦਾ ਬੱੜਾ ਤਕੜਾ ਸੀ। ਚੈਂਗ ਮੈਨੂੰ ਹੂੜ ਸਮਝਦਾ ਹੈ। ਮੈਂ ਵੀ ਤਕੜਾ ਹਾਂ। ਅੰਤ'ਤੇ ਚੈਂਗ ਦੀ ਕਹਾਣੀ ਦਾ ਅਸਰ ਨਹੀਂ ਪਿਆ। ਅਜੋਹੇ'ਤੇ ਢਾਸੀ ਭਾਵੇਂੜ ਡਰ ਗਏ, ਪਰ ਮੈਂ ਤਾਂ ਕੁੱਝ ਹੋਰ ਹਾਂ! ਆਲੇ ਦੁਆਲੇ ਉੱਡਦੀ ਜਿਹੀ ਨਜ਼ਰ ਨਾਲ਼ ਵੇਖਣ ਲੱਗ ਪਿਆ। ਮੇਜਰ ਦੇ ਮੈਹਖਾਨੇ ਸਾਰੇ ਹਰੀਜਨ ਕੰਮ ਕਰਦੇ ਸੀ। ਰਘੇ ਦੀ ਨਜ਼ਰ ਵਿਚ ਕੁਜਾਤ ਲੋਕ ਸਨ, 'ਤੇ ਆਪਨੂੰ ਉਨ੍ਹਾਂ ਤੋਂ ਉੱਚੀ ਕੁਲ ਦਾ ਸਮਝਦਾ ਸੀ। ਰੱਘਾ ਕੂ ਵਾਂਗ ਕੰਜਰਖਾਨੇ'ਚ ਨਹੀਂ ਪਲਿਆ ਸੀ। ਨੱਚਣ ਵਾਲੀ ਨੂੰ ਸੀਟੀਆਂ ਮਾਰਨ ਲੱਗ ਪਿਆ। ਚੈਂਗ ਰੋਕਣ ਲੱਗਾ ਸੀ, ਜਦ ਰੱਘੇ ਨੇ ਉੱਠ ਕੇ ਇਕ ਨਵਯੁਵਤੀ ਦੀ ਬਾਂਹ ਫੜ ਲਈ।

ਚੰਗਿਆੜੀ ਲਾਉਣ ਦਾ ਮੂਡ ਹਾਲੇ ਵੀ ਸੀ। ਤੀਵੀਂ ਦੀਆਂ ਛਾਤੀਆਂ'ਤੇ ਹੱਥ ਫੇਰਨ ਦੀ ਕੋਸ਼ਿਸ਼ ਕੀਤੀ। ਉਸਨੇ ਪੈਰ ਨਾਲ਼ ਰੱਘੇ ਨੂੰ ਭੁੰਜੇ ਭੇਜ ਦਿੱਤਾ। ਪੱਗ ਢਹਿ ਪਈ। ਆਲੇ ਦੁਆਲੇ ਸਾਰੇ ਲੋਕ ਹੱਸਦੇ ਸੀ। ਗੁੱਸੇ ਵਿਚ ਫੋਕੀ ਗਾਲ੍ਹ ਨਿਕਲ ਗਈ, "-----"।

ਸਾਰੀ ਜਗਾ ਹੀ ਗੁੰਮ ਸੁੰਮ ਹੋ ਗਈ, ਚੁੱਪ ਚਪੀਤੇ ਚੈਂਗ ਨੇ ਚਾਕੂ ਖੀਸੇ'ਚੋਂ ਕੱਢ ਲਿਆ। ਸਾਰੀ ਰਾਤ ਰਘੇ ਨੇ ਬੇਜੇ ਟੀਕੇ ਟਿੱਪਣੀਆਂ ਮੂੰਹ'ਚੋਂ ਰੋੜ੍ਹ ਨਾਲ਼ ਕੱਢ ਕੱਢੀਆਂ। ਮੇਜਰ ਹੋਣਾਂ ਨੂੰ ਪੂਰਾ ਪਤਾ ਸੀ। ਹੁਣ ਉਨ੍ਹਾਂ ਨੂੰ ਅਵਸਰ ਮਿਲ ਗਿਆ। ਚੈਂਗ ਗੱਟੀਆਂ ਗਿਣਨ ਲੱਗ ਪਿਆ। ਤਿਲਕਣ ਬਾਜ਼ੀ'ਚੋਂ ਕਿਸ ਦੀ ਜਿੱਤ ਹੋਵੇਗੀ?

ਹੁਣ ਹਾਨ ਦੀ ਲੋੜ ਸੀ

**ਘ**

ਘੁਸੰਨੋ ਘਸੁੰਨੀ ਹੋਣ ਤੋਂ ਪਹਿਲਾਂ ਹੀ ਮੇਜਰ ਨੇ ਚੈਂਗ ਦੇ ਟੋਲੇ ਉੱਤੇ ਅੱਖ ਰੱਖੀ ਸੀ। ਇਸ ਦੀਆਂ ਦੋ ਵਜ੍ਹਾਵਾਂ ਸਨ; ਪਹਿਲਾਂ ਕਿ ਆਮ ਗੱਲ ਨਹੀਂ ਸੀ

ਅਫਰੀਕਨ ਅਤੇ ਚੀਨੇ ਨੂੰ ਇਸ ਇਲਾਕੇ'ਚ ਵੇਖਣਾ। ਦੂਜੀ ਗੱਲ ਸੀ ਕਿ ਸਰਦਾਰ ਨੇ ਕਈ ਵਾਰੀ ਸੇਵਕਾਂ ਨੂੰ ਗਲੀਜ਼ ਗਾਲ੍ਹਾਂ ਕੱਢੀਆਂ; ਓਨ੍ਹਾਂ ਨਾਲ ਖਰ੍ਹਵਾ ਸਲੂਕ ਕੀਤਾ। ਕਈ ਗਾਹਕ ਵੀ ਗੁੱਸੇ ਹੋ ਸੱਕਦੇ ਸਨ। ਇਸ ਕਰਕੇ ਮੇਜਰ ਨੇ ਟੋਲੇ ਉੱਤੇ ਅੱਖ ਰੱਖੀ।

ਮੇਜਰ ਦੇ ਸਾਹਮਣੇ ਦੋ ਬੰਦੇ ਖਲੋਏ ਸੀ। ਆਪਸ ਵਿਚ ਗੱਲਾਂ ਕਰਦੇ। ਇਕ ਬੰਦਾ ਗਾਹਕ ਸੀ, ਨਿਤ ਇੱਥੇ ਆਉਂਦਾ; ਦੂਜਾ ਮੇਜਰ ਦਾ ਅੰਗ ਰੱਖਿਅਕ ਸੀ। ਮੈਹਖਾਨੇ'ਤੇ ਅੱਖ ਰੱਖਦਾ ਸੀ, ਖ਼ਾਸ ਮਸਤਣੇ ਗਾਹਕਾਂ'ਤੇ ਬਾਊਂਸਰ ਸੀ। ਇਸ ਬੰਦੇ ਦਾ ਨਾਂ ਰਾਮਾ ਸੀ। ਬਹੁਤ ਉੱਚਾ ਲੰਬਾ ਅਤੇ ਚੌੜਾ; ਚੌਕਸ ਸੀ।

ਦੇਖਣ ਵਾਲਿਆਂ ਨੂੰ ਰਾਮਾ ਡਰਾਓਂਣਾ ਲੱਗਦਾ ਸੀ। ਹਮੇਸ਼ਾ ਕੁੜਤਾ ਪਿਜਾਮਾ ਪਾਇਆ ਹੁੰਦਾ ਸੀ। ਉਸ ਦੀ ਗਰਦਨ ਦਿੱਸਦੀ ਨਹੀਂ ਸੀ। ਕੰਨ੍ਹ ਸੀ ਧੌਣ। ਰੰਗ ਕਿੱਕੜ, ਢੰਗ ਅੱਖੜ। ਸੱਚ ਮੁੱਚ ਗੈਂਡਾ ਸੀ। ਪਿੱਠ ਪਿੱਛੇ ਲੋਕ ਗੈਂਡਾ ਹੀ ਆਖਦੇ ਸਨ।

ਜੇ ਰਾਮਾ ਗੈਂਡਾ ਸੀ, ਕੋਲੇ ਖੜ੍ਹਾ ਗਾਹਕ ਤਾਊਸ ਸੀ। ਗੈਂਡੇ ਦਾ ਐਨ ਉਲਟ। ਆਪ ਨੂੰ ਸੁਆਰਿਆ ਸਜਿਆ ਰੱਖਦਾ ਸੀ। ਜਦ ਵੀ ਬਾਹਰ ਜਾਂਦਾ, ਕਲਰਪਲਸ ਅਤੇ ਵੁਡਲੈਂਡ ਕਪੜੇ ਪਾਏ ਹੁੰਦੇ। ਹਮੇਸ਼ਾ ਟੌਪ ਦੇ ਪੱਛਮੀ ਪਹਿਰਾਵੇ ਪਾਏ ਹੁੰਦੇ ਸਨ। ਇਹ ਆਦਮੀ, ਪੱਤਲਾ,'ਤੇ ਮਧਰਾ ਸੀ, ਪਰ ਛਟਿਕਾ। ਖਜੂਰ ਵਰਨ ਸੂਰਤ ਸੀ। ਇਸ ਮੋਰ ਦਾ ਨਾਂ ਅਰਯਾ ਸੀ। ਮੋਰ ਗੈਂਡਾ ਜੌੜੇ ਸਨ, ਇਸ ਥਾਂ ਦੇ ਆਮ ਲੋਕ।

ਮੇਜਰ ਇੰਨ੍ਹਾਂ ਦੀ ਗਿਣਤੀ'ਚੋਂ ਸੀ, ਪਰ ਅੱਡ ਸੀ। ਰੰਗ ਗੋਰਾ ਅਤੇ ਗੈਂਡੇ, ਮੋਰ ਦੇ ਵਿਚਾਲੇ ਸੀ ਡੀਲ ਡੋਲ'ਚ। ਇਕ ਨਿਓਲਾ

ਨਿਓਲੇ ਨੂੰ ਰਘਾ ਸੱਪ ਵਾਂਹ ਜਾਪਦਾ ਸੀ। ਉਂਞ ਉਸ ਦੇ ਨੇੜੇ ਗੈਂਡਾ'ਤੇ ਮੋਰ ਗੱਲਾਂ ਬਾਤਾਂ ਕਰਦੇ ਸਨ ਅਤੇ ਬਾਹਰ ਪਿੱਛੇ ਕੰਧ'ਤੇ ਚੜ੍ਹਾਏ ਟੀਵੀ ਨੂੰ ਧਿਆਨ ਦਿੰਦੇ ਸੀ। ਪਰ ਨਿਓਲੇ ਨੂੰ ਕੇਵਲ ਸੱਪ ਹੀ ਸੱਪ ਦਿੱਸਦੇ ਸੀ।

ਗੈਂਡਾ: ਐ ਲੈ! ਲੋਕ ਪਾਗਲ ਨੇ! ਲੈ ਦੇਖ!
(ਟੀਵੀ ਉੱਤੇ ਖਬਰਾਂ ਆਈਆਂ ਸਨ। ਲੋਕ ਮੁਜ਼ਾਹਰੇ'ਚ ਸ਼ਿਰਕਤ ਕਰਦੇ ਸੀ। ਹੱਥਾਂ'ਚ ਸਾਈਨ ਫੜੇ, ਜਿੰਨ੍ਹਾਂ ਉੱਤੇ ਲਿਖਿਆ – ਅੱਨਾ ਹਜਾਰੇ ਜ਼ਿੰਦਾਬਾਦ-)
ਮੋਰ: ਪਾਗਲ ਨਹੀਂ ਯਾਰ। ਜਨਤਾ ਜਾਗ ਪਈ!

ਗੈਂਡਾ: ਇਸ ਹੇੜ੍ਹ ਨੇ ਕੁਛ ਨ੍ਹੀਂ ਬਦਲਣਾ! ਹਜਾਰਾ ਸਰਕਾਰ ਨੂੰ ਕੀ ਕਰ ਸੱਕਦਾ? ਵਾਦੜੀਆਂ ਸਜਾਦੜੀਆਂ ਜਾਣ ਸਿਰਾਂ ਦੇ ਨਾਲ। ਨਕਲੀ ਇਨਕਲਾਬ ਏ। ਬਸ ਮੀਡੀਆ ਮਗਰ ਨਾ ਲੱਗ!

ਮੋਰ: ਓਏ, ਮੀਡੀਆ ਮਗਰ ਕੋਈ ਨ੍ਹੀਂ ਲੱਗਿਆ।ਹਰਾਮਖੋਰੀ ਤੋਂ ਲੋਕ ਅੱਕ ਗੇ! ਐਵੇਂ ਖਾਹ ਮਖਾਹ ਖਿਝਦਾ ਰਹਿੰਦੈਂ।

ਗੈਂਡਾ: ਕੁਛ ਨ੍ਹੀਂ ਹੋਣਾ। ਸਾਡੇ ਲੋਕ ਹੈਈ ਕੁੱਤੇ, ਹੈਈ ਚੋਰ। ਸਾਡੀ ਆਦਤ ਡੂੰਘੀ ਏ।

ਮੋਰ: ਸਰਕਾਰ ਵੱਢੀਖੋਰ ਜਰੂਰ ਏ।ਪੰਮੇ ਵੀ ਹਰਾਮੀ ਏ, ਪਰ ਇਹ ਸਭ ਅੰਗ੍ਰੇਜ਼ਾਂ ਕਰਕੇ ਆ। ਆਮ ਲੋਕ ਤਾਂ ਮਜ਼ਲੂਮ ਹਨ। ਪਰ ਇਹ ਲੀਡਰਾਂ ਦੀ ਬਿਆਧੀ ਨ੍ਹੀਂ ਏ, ਆਈ ਚਲਾਈ ਦੀ ਮਜ਼ਬੂਰੀ ਏ। ਤਾਂ ਹੀ ਲੋਕ ਕਰਦੇ ਨੇ। ਜਦ ਅੱਨਾ ਵਰਗਾ ਲੀਡਰ ਬਣ ਗਿਆ...

ਗੈਂਡਾ: ਜਾਣ ਦਿਆ ਕਰ! ਜਲੂਸ ਜਿੰਨਾ ਮਰਜੀ ਕੱਢੋ। ਕੁਛ ਨ੍ਹੀ ਬਦਲਣਾ! ਹਰਾਮਜ਼ਾਦੇ ਲੀਡਰ ਪੈਸਾ ਖਾਧੇ! ਜੇ ਛੋਟਾ ਮੋਟਾ ਕੰਮ ਕੋਈ ਮਾਮੂਲੀ ਅਹਿਲਕਾਰ ਤੋਂ ਕਰਾਉਣਾ ਹੋਵੇ, ਰਿਸ਼ਵਤ ਦੇਣੀ ਪੈਂਦੀ ਏ। ਹਰ ਤੁੱਛ ਕੰਮ ਲਈ ਪਗੜੀ ਪੂਜਾ ਕਰਨੀ ਪੈਂਦੀ ਏ। ਤੈਨੂੰ ਪਤਾ, ਭੋਪਾਲ ਦੇ ਗਰੀਬ ਨਿਵਾਸਿਆਂ ਲਈ ਦੱਸ ਲੱਖ ਜਮ੍ਹਾਂ ਕੀਤੇ ਸੀ, ਪੰਜ ਲੱਖ ਨੀਤਵਾਨ ਖਾ ਗਿਆ। ਲੱਖ ਸਿਕਦਾਰ ਖਾ ਗਏ। ਦੋ ਲੱਖ ਲੜੀ'ਚ ਕੋਈ ਨਾ ਕੋਈ ਖਾ ਗਿਆ। ਜਿਹੜੇ ਦੋ ਰਹਿੰਦੇ ਸੀ, ਓਨ੍ਹਾਂ'ਚੋਂ ਸਿਰਫ਼ ਪੰਜਾਹ ਹਜ਼ਾਰ ਲੋਕਾਂ ਨੂੰ ਮਿੱਲਿਆ। ਸਾਡੇ ਸਾਰੇ ਲੋਕ ਆਵਦਾ ਪਹਿਲਾਂ ਵੇਖਦੇ ਨੇ। ਗੋਰਿਆਂ ਨੂੰ ਅਸੀਂ ਡਗ ਕੁੱਤਾ ਬਣਾਇਆ। ਓਹ ਲੋਕ ਤਾਂ ਸੱਚ ਮੁੱਚ ਇਮਾਨਦਾਰੀ ਨਾਲ ਚਲਦੇ ਨੇ। ਸਾਤੋਂ ਤਾਂ ਸਾਫ ਦਿਲ ਦੇ ਹਨ। ਜੇ ਅਸੀਂ ਈਰਖਾ ਨਾਲ ਨਹੀਂ ਭਰੇ ਹੁੰਦੇ,

ਪਰ ਇਕ ਦੂਜੇ ਨੂੰ ਚੰਗੀ ਤਰ੍ਹਾਂ ਡੀਲ ਕਰਦੇ, ਭਾਰਤ ਹੋਰ ਕਿਤੇ ਹੋਣਾ ਸੀ। ਛਾਤੀ'ਤੇ ਸੱਪ ਲੇਟ ਕੇ ਅਸੀਂ ਸਭ ਭੈੜੇ ਬਣ ਗਏ।ਨਿਕੀ ਤੋਂ ਨਿਕੀ ਚੀਜ਼ ਲਈ ਚਾਹ ਦੇ ਪੈਸੇ ਮੰਗਦੇ ਹਾਂ। ਮੈਂ ਸੁਣਿਆ ਇੰਗਲੈਂਡ ਜੇ ਕੋਈ ਲੇਖਕ ਨੇ ਕਿਤਾਬ ਛਾਪਣੀ ਹੋਵੇ, ਜੇ ਵਿਕਣ ਵਾਲੀ ਚੀਜ਼ ਏ, ਪਬਲਿਸ਼ਰ ਉਸਨੂੰ ਪੈਸੇ ਦਿੰਦੇ ਨੇ। ਦੇਖ, ਸਾਡੇ ਦੇਸ਼'ਚ ਤਾਂ ਉਲਟਾ ਏ! ਸਾਲੇ!

ਮੋਰ: ਆਵਦੀ ਆਤਮ ਸੰਵਾਦ ਬੰਦ ਕਰ! ਭਾਰਤ ਬਦਲਦਾ ਏ। ਹੌਲੀ ਹੌਲੀ...

(ਮੋਰ ਨੇ ਆਵਦੀ ਗੱਲ ਹਾਲੇ ਨਿਬੇੜੀ ਨਹੀਂ ਸੀ, ਜਦ ਇਕ ਖੜਕ ਹੋਇਆ। ਦੋਨਾਂ ਨੇ ਹੱਟਕੇ ਠਾਹ ਦੇ ਸਰੋਤ ਵੱਲ ਤੱਕਿਆ। ਸਰਦਾਰ ਥੱਲੇ ਪਿਆ ਸੀ, ਸੱਲ ਲੱਗਿਆ। ਉਸਦੇ ਸਾਹਮਣੇ ਕੁੜੀ ਖਲੋਈ, ਗਾਲ੍ਹ ਉੱਤੇ ਗਾਲ੍ਹ ਦਿੰਦੀ। ਲੱਗਦਾ ਸੀ ਸਰਦਾਰ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ਸੀ। ਤੀਵੀਂ ਦੀਆਂ ਗਾਲ੍ਹਾਂ ਤੋਂ ਪਹਿਲਾਂ, ਸਭ ਨੇ ਇਕ ਸਖ਼ਤ ਕਲਾਮੀ ਸੁਣੀ, '-----'। ਇਸ ਥਾਂ, ਇਸ ਲੋਕਾਂ ਵਿਚ ਕੋਈ ਇਸ ਤਰ੍ਹਾਂ ਬੋਲੇ, ਹੈਰਾਨੀ ਦੀ ਗੱਲ ਸੀ। ਉਂਝ ਪੱਗ ਢਹਿ ਗਈ ਸੀ,'ਤੇ ਗਾਲ੍ਹਾਂ ਤੋਂ ਪਹਿਲਾਂ ਲੋਕ ਚੁੱਪ ਹੋ ਗਏ ਸੀ, ਫਿਰ ਹੱਸੇ। ਫਿਰ ਸਰਦਾਰ ਨੇ ਕਿਹਾ, '-----'। ਸੱਚ ਸੀ ਸਾਰੀ ਰਾਤ ਇਸ ਬੰਦੇ ਦੇ ਮੂੰਹੋਂ ਕੁੱਝ ਨਾ ਕੁੱਝ ਨਿਕਲਦਾ ਸੀ। ਸਾਰਿਆਂ ਨੇ ਸੁਣਿਆਂ, ਭਾਵੇ ਨੱਚਦੇ ਨਸ਼ੇ'ਚ ਸਨ। ਸਭ ਖਿੱਝੇ  ਹੋਏ ਸਨ। ਹੁਣ ਇੰਨ੍ਹਾਂ ਨੂੰ ਬਹਾਨਾ ਮਿਲ ਗਿਆ। ਵਰਜ ਦੇਣ ਦੀ ਲੋੜ ਨਹੀਂ ਸੀ। ਗੈਂਡਾ'ਤੇ ਮੋਰ ਤਿਆਰ ਹੋ ਗਏ ਉਤੇ ਪਏ ਨੂੰ ਮਾਰਨ। ਚੀਨੇ ਦੇ ਹੱਥ'ਚ ਹੁਣ ਚਾਕੂ ਸੀ)

ਮੋਰ: ਓ ਸ਼ਿੱਟ

ਗੈਂਡਾ: ਚਲ!

* * * * *

ਨਿਓਲੇ ਨੂੰ ਚਾਕੂ ਚੀਨੇ ਦੇ ਹੱਥ'ਚ ਦਿੱਸ ਗਿਆ ਸੀ। ਉੱਚੀ ਦੇਣੀ ਸਭ ਨੂੰ ਦੱਸਿਆ। ਅੱਖ ਦੇ ਪਲਕਾਰੇ'ਚ ਕੁੱਝ ਬੰਦਿਆਂ ਨੇ ਚੈਂਗ ਨੂੰ ਸੰਭਾਲ ਲਿਆ। ਪਰ ਚੈਂਗ ਤੇਜ ਸੀ, ਚਾਕੂ ਬਿਨ ਦੌੜਣ ਦੀ ਕੋਸ਼ਿਸ਼ ਕੀਤੀ। ਗੈਂਡੇ ਨੇ ਇਕ ਬਾਂਹ ਨਾਲ ਉਸ ਭੇੜੀਆ ਨੂੰ ਝਰੁੱਟ ਭਰਿਆ, ਦੂਜੀ ਬਾਂਹ ਨਾਲ ਇਕ ਦੋ ਚੰਡਾਂ ਮਾਰੀਆਂ। ਮੋਰ ਨੇ ਅਜੋਹੇ ਨੂੰ ਦੱਬ ਲਿਆ। ਨਿਓਲਾ ਹੁਣ ਢਾਸੀ ਤਕ ਪਹੁੰਚ ਗਿਆ। ਪਰ ਢਾਸੀ ਨੇ ਆਵਦੇ ਹੱਥ ਉਪਰ ਕੀਤੇ; ਉਸ ਦੀਆਂ ਅੱਖਾਂ ਵਿਚ ਦਿੱਸਦਾ ਸੀ ਕਿ ਉਹ ਤਾਂ ਸੱਪ ਵਰਗਾ ਨਹੀਂ ਸੀ। ਸਮਝਦਾ ਸੀ, ਕਿਉਂ ਨਿਓਲੇ ਨੂੰ ਗੁੱਸਾ ਆਇਆ। ਜੇ ਕਾਲਾ ਬੰਦਾ ਨਾ ਸਮਝੇ, ਹੋਰ ਕੌਣ ਸਮਝੂਗਾ? ਸੱਪ ਖੜ੍ਹ ਗਿਆ ਸੀ। ਭੇੜੀਆ ਤੋਂ ਚਲਾਕ ਸੀ; ਮੋਰ ਦੇ ਦੱਬੇ ਹੋਏ ਬੱਕਰੇ ਤੋਂ ਮੱਕਤਰ ਸੀ। ਪਰ ਨਿਓਲੇ ਨਾਲ ਹੋਰ ਲੋਕ ਵੀ ਖੜ੍ਹਗੇ ਸੀ। ਗੈਂਡਾ ਭੇੜੀਆ ਉੱਤੇ ਬਹਿ ਗਿਆ, ਮੋਰ ਨੇ ਬੱਕਰੇ ਨੂੰ ਬੰਨ੍ਹ ਕੇ ਰੱਖਿਆ ਸੀ।

ਨਿਓਲਾ ਸੱਪ'ਤੇ ਪੈ ਗਿਆ; ਨਾਲੇ ਨਾਲ ਕਈ ਹੋਰ ਆਦਮੀਆਂ ਨੇ ਉਸਦੀ ਮਦਦ ਕੀਤੀ। ਭੇੜੀਏ ਨੇ ਸੱਪ ਨੂੰ ਖਿੱਚ ਧੂਹ ਵਾਰੇ ਵਰਜ ਦਿੱਤਾ ਸੀ, ਪਰ ਓਹ ਨਹੀਂ ਸੁਣਿਆ। ਹੁਣ ਭੁੰਜੇ ਪਿਆ ਸੀ, ਬਾਲ ਵਾਂਗ ਕੁੰਡਲਦਾਰ। ਆਲੇ ਦੁਆਲੇ ਲੋਕ ਠੋਕਰ ਮਾਰਦੇ, ਖੁਦ ਛੜੀਆਂ ਮਾਰਦਾ। ਲੋਕ ਲੱਤਾਂ ਮਾਰੀ ਗਏ। ਢਾਸੀ ਨੇ ਰੋਕਣ ਦੀ ਕੋਸ਼ਿਸ਼ ਕੀਤੀ। ਬਾਹਰ ਲੈ ਗਏ, ਕਾਲੇ ਨੂੰ। ਗੈਂਡੇ ਨੇ ਚੀਨੇ'ਤੇ ਬੰਗਾਲੀ ਨੂੰ ਵੀ ਬਾਹਰ ਸੁੱਟ ਦਿੱਤਾ, ਜਿਵੇਂ ਕੋਈ ਘਰੋਂ ਬਾਹਰ ਚੂਹਾ ਸੁੱਟੀ ਦਾ। ਅੰਦਰ ਜਾਕੇ ਓਹ ਵੀ ਸੱਪ ਨੂੰ ਮਾਰਨ ਲੱਗ ਪਿਆ। ਪਰ ਢਾਸੀ ਭੇੜੀਆ'ਤੇ ਬੱਕਰੇ ਨਾਲ ਵਾਪਸ ਅੰਦਰ ਆ ਗਿਆ। ਐਤਕੀਂ ਤਿੰਨਾਂ ਨੂੰ ਕੁੱਟਿਆ। ਕੁੱਟ ਵਿਚ ਇੱਕਠ ਸੀ। ਇਕ ਚੀਜ਼ ਜਰੂਰ ਰਘੇ ਨੇ ਅੱਜ ਸਿੱਖੀ। ਇਹ ਲੋਕ ਹੁਣ ਸੱਚ ਮੁੱਚ ਹੱਟੇ ਕੱਟੇ ਸਨ। ਆਪਣੇ ਆਪ ਵਿਚ ਵਿਸ਼ਵਾਸ਼ ਸੀ, ਜਿਸ ਬਾਰੇ ਰਘੇ ਨੂੰ ਸਵਾਲ ਨਹੀਂ ਕਰਨਾ ਚਾਹੀਦਾ ਸੀ। ਐਂਠ ਆਕੜ ਨੇ ਸਰਦਾਰ ਮਰਾਇਆ। ਕਮਦਿਲ ਨਾਲ ਗੈਂਡੇ, ਮੋਰ ਅਤੇ ਨਿਓਲੇ ਬਾਰੇ ਰਘੇ ਨੇ ਸੋਚਿਆ: ਤਿੰਨਈਂ ਹੱਡਾਂ ਵਿਚ ਪਾਰਾ ਬਣ ਕੇ ਰਚ ਗਏ। ਕੁੱਟ ਕੇ ਚਾਰਾਂ ਨੂੰ ਬੂਹੇ ਤੋਂ ਬਾਹਰ ਸੜਕ ਉੱਤੇ ਸੁੱਟ ਦਿੱਤਾ। ਪੱਗ ਰਘੇ ਉੱਤੇ ਸੁੱਟ ਦਿੱਤੀ, ਬੇਦਰੇਗ ਧੌਂਸ ਨਾਲ। ਅਸੀਲ ਹਵਾ ਫਰਨ ਫਰਨ ਕਰਦੀ ਸੀ। ਪਹੁ ਫੱਟਣ ਲੱਗਾ ਸੀ। ਹੌਲੀ ਹੌਲੀ ਦਿਨ ਚੜ੍ਹ ਗਿਆ॥

**ਙ**

*ਗਿਆਤਾ ਸੰਸਾਰ ਦਾ ਇਸ ਥਾਂ ਬਾਰੇ ਸਭ ਕੁੱਝ ਜਾਣਦਾ ਹੋਵੇਗਾ, ਪਰ ਮੈਂ ਅਗਿਆਨ ਸਾਂ, ਕਿਵੇਂ, ਕਿਉਂ ਅਤੇ ਕਿਥੋਂ ਇੱਥੇ ਪਹੁੰਚ ਗਿਆ ਸੀ। ਆਲੇ ਦੁਆਲੇ ਸਭ ਸਬਜ਼ ਸੀ, ਹਰਿਆ ਭਰਿਆ ਝਾੜੀਆਂ ਨਾਲ, ਢੱਕਾਂ ਨਾਲ ਅਤੇ ਬੂਟਿਆਂ ਨਾਲ। ਰੁੱਖ ਅਸਮਾਨ ਤੱਕ ਛੂਹੰਦੇ ਸਨ। ਇਨੇ ਉੱਚੇ ਸਨ, ਕਿ ਗਗਨ ਦਿੱਸਦਾ ਨਹੀਂ ਸੀ। ਜੰਗਲ ਦੇ ਹਨੇਰੇ ਪੇਟ'ਚ ਸ਼ਿਕਾਰ ਦੀ ਭਾਲ ਵਿਚ ਚੱਕਰ ਕੱਟਦਾ ਸਾਂ। ਪੇਟ ਪੀੜ ਨੇ ਮੈਨੂੰ ਬਦਹਵਾਸ ਕੀਤਾ ਹੋਇਆ

ਸੀ। ਤਿਹਾਅ ਅਤੇ ਭੁੱਖ ਬੇਅੰਤਾਂ ਦੀ ਸੀ। ਕੁੱਝ ਖਾਣ ਪੀਣ ਲਈ ਮਿਲਣ ਦੀ ਤਲਾਸ਼ ਸੀ। ਨਜ਼ਰ ਤੇਜ਼ ਸੀ; ਚੰਗੀ ਤਰ੍ਹਾਂ ਸੁੰਘਦਾ ਸੀ ਅਤੇ ਸੁਣਨ'ਚ ਕੰਨ ਤਿੱਖੇ ਸਨ। ਹਰੇਕ ਆਵਾਜ਼ ਵਣ ਦੀ ਸੁਣਾਈ ਦੇਂਦੀ ਸੀ, ਹਰੇਕ ਸੁਗੰਧ ਸੁੰਘਦਾ ਸਾਂ ਅਤੇ ਕੋਈ ਸ਼ਿਕਾਰ ਲਭਣ ਲਈ ਨੀਝ ਲਾਉਂਦਾ ਸਾਂ। ਤਲਾਸ਼ ਸੀ ਚੰਗੇ ਚੋਖੇ ਲਈ, ਸੁਆਦ ਮਾਸ ਲਈ।ਕਿਸੇ ਪਾਸਿਓਂ ਵੀ ਆਉਂਦੀ ਪੈਰ-ਚਾਪ ਦਬੋਚਣ ਲਈ ਤਿਆਰ ਸਾਂ। ਮੇਰੇ ਲਈ ਤਾਂ ਮਾਸ ਦਾ ਇਕ ਟੁੱਕੜਾ ਹੀ ਕਾਫੀ ਸੀ। ਹੱਡੋਰੋੜੀ ਦਾ ਨਾ ਹੋਵੇ, ਕਿਉਂਕਿ ਮੈਂ ਆਪ ਸ਼ਿਕਾਰ ਮਾਰ ਕੇ ਖਾਣਾ ਚਾਹੁੰਦਾ ਸਾਂ। ਸ਼ਹਿ ਲਾਉਣ'ਚ ਮਾਹਰ ਸਾਂ। ਯਾਦ ਨਹੀਂ ਕਦ ਸਿੱਖਿਆ, ਪਰ ਸ਼ਿਕਾਰ ਕਰਨਾ ਜਾਣਦਾ ਸਾਂ। ਕੇਵਲ ਯਾਦ ਕਰਨਾ ਚਾਹੁੰਦਾ ਸਾਂ, ਕਿਥੋਂ ਮੈਂ ਆਇਆ, ਅਤੇ ਕੌਣ ਹਾਂ? ਸੋਚ ਨਹੀਂ ਸਕਿਆ, ਕਿਉਂਕਿ ਭੁੱਖ ਨਾਲ ਖਪਿਆ ਹੋਇਆ ਸਾਂ।

ਮੇਰੇ ਕੋਲ ਬਾਕਾਇਦਾ ਸ਼ਿਕਾਰਗਾਹ ਨਹੀਂ ਸੀ। ਜਦ ਵੀ ਹੋਸ਼ ਆਉਂਦੀ, ਸਮਝ ਨਹੀਂ ਸੀ ਪਹਿਲਾਂ ਕਿਥੇ ਤੁਰਦਾ ਫਿਰਦਾ ਸਾਂ। ਧੁੰਧਲ਼ੀਆਂ ਯਾਦਾਂ ਸਨ, ਰੋਜ਼ ਜੰਗਲ ਬੇਪਛਾਣ ਹੋ ਜਾਂਦਾ ਸੀ। ਅੱਜ ਵੀ ਇਵੇਂ ਸੀ। ਸਬੱਬ ਨਾਲ ਪਾਣੀ ਲੱਭ ਗਿਆ, ਛੱਪੜ ਕੋਲ ਆ ਗਿਆਂ। ਪਾਣੀ ਵਿਚ ਆਵਦੇ ਬਿੰਬ ਵੱਲ ਝਾਕਿਆ। ਗੋਲ਼ ਕੰਨ, ਚੌੜਾ ਬੂਥਾ ਅਤੇ ਕੇਸਰੀਆ ਸਿਰ। ਮੁਖ ਭਰਿਆ ਸੀ, ਕਾਲੀਆਂ ਲੀਕਾਂ ਨਾਲ। ਮੇਰੀਆਂ ਅੱਖਾਂ ਨੇ ਇਹ ਸਭ ਵੇਖਿਆ; ਪਾਣੀ ਦੇ ਦਰਪਣ ਵਿਚ। ਰੰਗ'ਚ ਨਾਰੰਗੀਆਂ ਸਨ। ਸ਼ੀਂਹ ਵਾਪਸ ਝਾਕਦਾ ਸੀ। ਮੈਂ ਵਾਪਸ ਝਾਕਦਾ ਸਾਂ॥

**ਚ**

ਚੰਬੇ ਵੱਲ ਟ੍ਰੈੱਲਰ-ਵੈਨ ਹੌਲੀ ਹੌਲੀ ਗਈ; ਜੰਗਲ ਦੇ ਕੰਢੇ ਕੰਢੇ ਚੰਬੜਕੇ। ਪਹੁ ਫੱਟਣ ਤੋਂ ਪਹਿਲਾਂ ਹੀ ਓਂਕਾਰ ਟ੍ਰੈੱਲਰ ਨੂੰ ਕਿਸੇ ਪਧਰੀ ਥਾਂ ਪਾਰਕ ਕਰ ਦਿੰਦਾ ਸੀ। ਹਮੇਸ਼ਾ ਰੌਣਕ ਤੋਂ ਪਰ੍ਹਾਂ, ਚਹਿਲ ਪਹਿਲ ਤੋਂ ਦੂਰ। ਪਿੰਡ ਲਾਜਮੀ ਇਕ ਦੋ ਮੀਲ ਅੱਗੇ ਜਾਂ ਪਿੱਛੇ ਹੁੰਦਾ ਸੀ। ਸੱਚ ਮੁੱਚ ਓਂਕਾਰ ਤਾਂ ਜੰਗਲ ਵਿਚ ਮੰਗਲ ਸੀ! ਸੂਰਜ ਉਦੇ ਹੋਣ ਤੋਂ ਪਹਿਲਾਂ ਹੀ ਓਂਕਾਰ ਉੱਡ ਜਾਂਦਾ ਸੀ, ਜੰਗਲ ਦੇ ਮੱਧ; ਜਿਵੇਂ ਕੋਈ ਕਣੀ ਡੂੰਘੇ ਖੂਹ ਦੇ ਪਾਣੀ ਵਿਚ ਮਿਲ ਜਾਂਦੀ ਹੈ। ਇਕ ਇਕੱਲਾ ਅੱਥਰੂ। ਪਰ ਇਕੱਲਾ ਨਹੀਂ ਸੀ; ਸੀਮਾ ਨਾਲ ਸੀ। ਮੋਹ ਦੇ ਬੂਹੇ ਉੱਤੇ ਬੈਠੀ। ਜਦ ਹਨੇਰੇ ਵਾਪਸ ਆਉਂਦਾ, ਸੀਮਾ ਦੇ ਸਾਹ ਸੌਖੇ ਸੌਖੇ ਵਗਣ ਲੱਗਦੇ। ਨਿਤ ਇਸ ਤਰ੍ਹਾਂ ਹੀ ਹੁੰਦਾ ਸੀ।

ਇਕ ਦਿਨ, ਜਦ ਇਹ ਆਮ ਰੁਟੀਨ ਦਾ ਚੱਕਰ ਚੱਲ ਰਿਹਾ ਸੀ, ਸੀਮਾ ਨੇ ਇਲਤਿਜਾ ਕੀਤਾ, " ਮੰੈ ਮਾਂ ਨੂੰ ਫੋਨ ਕਰਨਾ ਏ"। ਓਂਕਾਰ ਚੁੱਪ ਚਾਪ ਸੀ। ਸਿਰਫ਼ ਇਕ ਆਵਾਜ਼ ਟ੍ਰੱਲਰ ਵਿਚ ਸੀ, ਕੇਟਲੀ ਦੀ। ਪਲ ਭਰ ਵਿਚ ਸੀਟੀ ਵੱਜੀ, ਹਵਾੜ੍ਹ ਕੱਢੀ, ਕੇਟਲੀ ਨੇ, ਜਿਵੇਂ ਭਾਫ ਛੱਡਕੇ ਆਵਦਾ ਅਲਕ ਦਿਖਾਉਂਦੀ ਹੋਵੇ। ਜਿੱਦਾਂ ਪਹਿਲਾਂ ਹੀ ਸੋਚਿਆ ਹੋਵੇ, ਕਿ ਓਂਕਾਰ ਨੇ ਜੁਆਬ ਵਿਚ ਸਿਰ ਫੇਰ ਦੇਣਾ। ਸੀਮਾ ਨੇ ਗੈਸ ਬੰਦ ਕਰ ਦਿੱਤੀ। ਓਂਕਾਰ ਦਾ ਜੁਆਬ ਉਡੀਕਿਆ।

" ਹੁਣ ਉਹ ਲੋਕ ਚਮੋਲੀ ਨਹੀਂ ਹਨ। ਪੈਸਿਆਂ ਨਾਲ ਹਵੇਲੀ ਖਰੀਦ ਲਈ। ਨੰਬਰ ਪਤਾ ਕਰਲੂੰਗਾ ਤੇਰੇ ਲਈ। ਸਰਨਾਵਾਂ ਪਤਾ ਹੈ। ਤੂੰ ਖ਼ਤ ਲਿਖ ਲਈਂ..."
" ਮੈਂ ਮੰਮੀ ਜੀ ਨਾਲ ਬੋਲਣਾ ਚਾਹੁੰਦੀ ਹਾਂ" ਪੈਰ ਥਾਂ ਗੱਡ ਲਏ। ਸੀਮਾ ਵੱਲ ਓਂਕਾਰ ਨੇ ਗਹੁ ਨਾਲ ਤੱਕਿਆ। ਅਸੀਲ ਆਵਾਜ਼ ਵਿਚ ਉੱਤਰ ਦਿੱਤਾ, " ਅੱਛਾ। ਮੈਂ ਪਤਾ ਕਰਦਾਂ," ਫਿਰ ਚੋਰ ਖਾਨੇ 'ਚੋਂ ਇਕ ਤਾਅ ਕੱਢ ਕੇ ਫੜਾ ਦਿੱਤਾ, " ਓਨ੍ਹਾਂ ਚਿਰ ਆ ਲੈ"। ਸੀਮਾ ਨੇ ਸਰਨਾਵੇਂ ਵੱਲ ਝਾਕਿਆ। ਬਾਪੂ ਨੇ ਆਵਦੀ ਧੀ ਦੇ ਕੇ ਪੈਸੇ ਬਣਾ ਲਏ ਸੀ। ਹੁਣ ਚੰਗੇ ਘਰ ਰਹਿੰਦਾ ਸੀ। ਸੀਮਾ ਕੇਵਲ ਚੀਜ਼ ਸੀ, ਇਕ ਸੰਪਤੀ। "ਸ਼ੁਕਰੀਆ, ਫਿਲਾਸਫ਼ਰ ਜੀ"॥

**ਛ**

ਛੇ ਮਹੀਨੇ ਪਹਿਲਾਂ ਜੱਗੀ ਸਰੂਪ ਪਾਠਕ (ਟ੍ਰਿਬਿਊਨ ਦੇ ਅਖਬਾਰ ਨਵੀਸ ਸੀ) ਨੇ ਇਕ ਹੱਲੇ ਦੀ ਰਪਟ ਲਿਖੀ ਸੀ। ਸੀਮਾ ਅਤੇ ਓਂਕਾਰ ਦੀ ਜੋੜੀ ਤੋਂ ਕਬਲ ਦੀ ਗੱਲ ਸੀ।ਨਾਗਾਲੈਂਡ ਦੇ ਜੰਗਲ ਵਿਚ ਇਕ ਆਦਮੀ ਦੀ ਲਾਸ਼ ਲੱਭੀ ਸੀ। ਸ਼ਾਹਦੀ ਨੇ ਸ਼ੇਰ ਵੱਲ ਉਂਗਲੀ ਵੱਧਾਈ ਸੀ। ਜੱਗੀ ਸ਼ੇਰਾਂ ਬਾਰੇ ਜਾਣਦਾ ਸੀ। ਆਮ ਸ਼ੇਰ ਤੋਂ ਬਹੁਤ ਵੱਡੇ ਜਾਨਵਰ ਨੇ ਬੰਦੇ ਨੂੰ ਮਾਰਿਆ ਸੀ। ਕੇਹਰ ਦੀ ਆਦਤ ਸੀ ਆਵਦੇ ਸ਼ਿਕਾਰਗਾਹ'ਚ ਰਹਿਣਾ।ਸ਼ੇਰ ਇਸ ਤੋਂ ਬਾਹਰ ਕਦੇ ਹੇੜਾ ਗੇੜਾ ਨਹੀਂ ਮਾਰਦਾ। ਪਰ, ਇਹ ਸ਼ੀਂਹ ਜਰੂਰ ਇਕ ਰਾਹੀ ਵਾਂਗ ਜੰਗਲ ਤੋਂ ਜੰਗਲ ਤੁਰਦਾ ਫਿਰਦਾ ਸੀ। ਇਸ ਗੱਲ ਬਾਰੇ ਜੱਗੀ

ਨੂੰ ਪੱਕਾ ਪਤਾ ਸੀ, ਕਿਉਂਕਿ ਮਨੀਪੁਰ ਦੇ ਜੰਗਲ ਵਿਚ ਵੀ ਆਹੂ ਲੱਭਿਆ, ਜਿਸ ਦਾ ਹਾਲ ਐਨ ਬੰਦੇ ਵਰਗਾ ਸੀ। ਲਾਸ਼ 'ਤੇ ਓਹੀ ਨਿਸ਼ਾਨ ਸਨ। ਜੱਗੀ ਉਸ ਤੋਂ ਬਾਅਦ ਸ਼ੇਰ ਦੇ ਮਗਰ ਪੈ ਗਿਆ।ਟ੍ਰਿਬਿਊਨ ਵਿਚ ਹਰੇਕ ਹਫ਼ਤੇ ਕੁੱਝ ਨਾ ਕੁੱਝ ਇਸ ਬਾਰੇ ਲਿਖਦਾ ਸੀ। ਪੜਚੋਲ ਕਰਦਾ ਕਰਦਾ ਸ਼ੱਕੀ ਹੋ ਗਿਆ ਕਿ ਕੋਈ ਟੋਲਾ ਇਸ ਸ਼ੇਰ ਦਾ ਵੀ ਸ਼ਿਕਾਰ ਕਰਦਾ ਫਿਰਦਾ। ਇਸ ਲਈ ਜੱਗੀ ਵੀ ਸ਼ੇਰ ਮਗਰ ਤੁਰ ਪਿਆ। ਜਦ ਵੀ ਕੁੱਝ ਲਿੱਖਣ ਲਈ ਮਿਲਦਾ ਸੀ, ਟ੍ਰਿਬਿਊਨ ਨੂੰ ਭੇਜ ਦਿੰਦਾ।

ਹਾਨ ਕੂ ਦੇ ਟੋਲੇ ਨੂੰ ਇਸ ਗੱਲ ਬਾਰੇ ਪਤਾ ਨਹੀਂ ਸੀ।ਟ੍ਰਿਬਿਊਨ ਅੰਗ੍ਰੇਜ਼ੀ ਅਖਬਾਰ ਹੈ। ਸ਼ਿਕਾਰੀ ਪੜ੍ਹਦੇ ਨਹੀਂ ਸੀ। ਜੱਗੀ ਨੂੰ ਸ਼ੈਤਾਨ ਬਾਰੇ ਪਤਾ ਲੱਗ ਗਿਆ।ਜਦ ਫੰਧ ਲੱਭੇ, ਪੁਲਸ ਨੂੰ ਦੱਸ ਦਿੱਤਾ, ਫਿਰ ਰੇਂਜਰਾਂ ਨੂੰ।ਪਰ ਉਹ ਕੂ ਬਾਰੇ ਹਾਲੇ ਕੁੱਝ ਨਹੀਂ ਜਾਣਦਾ ਸੀ। ਇਸ ਕਰਕੇ ਕੂ ਬਾਰੇ ਹਾਲੇ ਕਿਸੇ ਨੂੰ ਸ਼ੱਕ ਨਹੀਂ ਸੀ। ਜੱਗੀ ਆਵਦੀ ਜਾਣਕਾਰੀ ਟ੍ਰਿਬਿਊਨ ਨੂੰ ਭੇਜੀ ਗਿਆ। ਸੰਪਾਦਕ ਛਾਪੀ ਕਰੀ ਗਿਆ।

ਜਦ ਸੀਮਾ ਨੂੰ ਓਂਕਾਰ ਨੇ ਆਗਿਆ ਦਿੱਤੀ ਮਾਂ ਨੂੰ ਚਿੱਠੀ ਲਿਖਣ ਦੀ, ਜੱਗੀ ਦਾ ਨਵਾਂ ਲੇਖ ਟ੍ਰਿਬਿਊਨ ਵਿਚ ਛਪਿਆ ਸੀ। ਓਂਕਾਰ ਨੇ ਪੜਿਆ। ਜੱਗੀ ਸਰੂਪ ਪਾਠਕ ਨੇ ਸ਼ੈਤਾਨ ਬਾਰੇ ਲਿਖਿਆ ਸੀ। ਓਂਕਾਰ ਨੂੰ ਪੜ੍ਹ ਕੇ ਥੋੜਾ ਜਿਹਾ ਕੂ ਅਤੇ ਫੰਧਾਂ ਬਾਰੇ ਕੁੱਝ ਯਾਦ ਆ ਗਿਆ।

**ਜ**

ਜਿਹੜਾ ਕਿਹੜਾ ਚਾਹੁੰਦਾ, ਜਰੂਰ ਹੁਣ ਤਕ ਓਂਕਾਰ ਦੇ ਟ੍ਰੇਲਰ 'ਚੋਂ ਉਸ ਨੇ ਖੁਰੀ ਵਟ ਜਾਣਾ ਸੀ। ਹਥਕੜੀਆਂ ਤਾਂ ਲਾਈਆਂ ਨਹੀਂ ਸੀ। ਦਰਵਾਜ਼ਾ ਚੌੜ ਚੁਪੱਟ ਸੀ। ਓਂਕਾਰ ਸਾਰਾ ਦਿਨ ਵਾਂਢੇ ਜਾਂਦਾ ਸੀ। ਪਤਾ ਨਹੀਂ ਕਿਥੇ ਜਾਂ ਕਿਉ। ਸੀਮਾ ਵਕਤ ਕਟਦੀ ਰਹਿੰਦੀ। ਜਾ ਸਕਦੀ ਸੀ, ਪਰ ਜਾਂਦੀ ਨਹੀਂ ਸੀ। ਕੁੜੀ ਲਈ ਸ਼ੂਟ ਵੱਟਣੀ ਸੌਖੀ ਨਹੀਂ ਸੀ। ਘਰੋਂ ਦੂਰ ਸੀ, ਨਾਲੇ ਟੱਬਰ ਤਾਂ ਹੁਣ ਹੋਰ ਕਿਤੇ ਸੀ। ਓਂਕਾਰ ਨੇ ਸਰਨਾਵਾਂ ਦਿੱਤਾ ਸੀ। ਸੀਮਾ ਸਰਨਾਵੇਂ ਵੱਲ ਝਾਕੀ। ਅੱਜ ਮਾਂ ਨੂੰ ਲਿਖੂੰਗੀ, ਖਤ ਪਾa਼ੂੰ'ਗੀ। ਦਿਲ ਦੀਆਂ ਸਾਰੀਆਂ ਗੱਲਾਂ ਦਸੂੰਗੀ। ਫੋਨ ਨੰਬਰ ਉਡੀਕ 'ਦੀ ਸੀ। ਪਰ ਪਹਿਲਾਂ ਤਾ ਕੁੱਝ ਲਿਖੇ। ਓਂਕਾਰ ਨੇ ਨੰਬਰ ਹਾਲੇ ਦਿੱਤਾ ਨਹੀਂ ਸੀ। ਸੀਮਾ ਬਹਿ ਕੇ ਲਿਖਣ ਲੱਗ ਪਈ।

* * * * *

ਪਿਆਰੇ ਮਾਤਾ ਜੀ,

ਤੁਸਾਂ ਸਭ ਠੀਕ ਠਾਕ ਹੋ? ਮੈਨੂੰ ਓਂਕਾਰ ਸਾਹਿਬ ਨੇ ਖਬਰ ਦਿੱਤੀ ਹੈ, ਕਿ ਤੁਸਾਂ ਸਭ ਹੁਣ ਹਵੇਲੀ'ਚ ਰਹਿੰਦੇ ਹੋ ਪੈਸਾ ਹੁਣ ਵਾਹ ਵਾਹ ਹੈ। ਪੇਟ ਦੀ ਅੱਗ ਬੁਝ ਗਈ। ਹੁਣ ਤਾਂ ਪਾਪਾ ਜੀ ਬਹੁਤ ਸੁਖੀ ਹਨ। ਮੈਂ ਵੀ ਤੁਹਾਡੇ ਲਈ ਹਰਸ਼ਿਤ ਹਾਂ। ਪਾਪਾ ਜੀ ਤੁਹਾਡੇ ਵਾਂਗ ਨਹੀਂ ਨਿਕਲੇ। ਤੁਸਾਂ ਨੇ ਪੂਰੀ ਤਰ੍ਹਾਂ ਨਾਤਾ ਤੋੜ ਲਿਆ। ਮਾਫ ਕਰਨਾ, ਥੋੜੀ ਤਾਂ ਖਿਝ ਹੈ। ਜੋ ਬੀਤ ਗਿਆ ਗਲਤ ਸੀ। ਉਸ ਪੰਡਤ ਦੀ ਕੁਮੱਤ ਨੇ ਮੇਰਾ ਅੱਗਾ ਮਾਰ ਦਿੱਤਾ। ਫਿਰ ਵੀ ਤੁਸਾਂ ਅਮੀਰ ਹੋ, 'ਤੇ ਇਸ ਗੱਲ ਨਾਲ ਹੀ ਮੈਂ ਖ਼ੁਸ਼ ਹਾਂ। ਪਰ ਸੱਚ ਇਹ ਵੀ ਹੈ ਕਿ ਮੈਂ ਤੁਹਾਨੂੰ ਬਹੁਤ ਮਿੱਸ ਕਰਦੀ ਹਾਂ। ਵਿੱਦਿਆ ਅਤੇ ਰੀਟਾ ਕੈਸੀਆਂ ਹਨ? ਸ਼ਾਦੀਆਂ ਹੋ ਗਈਆਂ? ਬਾਪੂ ਜੀ ਤੰਬੋਲ ਓਂਕਾਰ ਤੋਂ ਮਿਲਿਆ ਹੀ ਹੈ। ਅੱਜ ਕਲ੍ਹ ਤਾਂ ਨਹਾਉਂਦੇ ਹੋਣਗੇ? ਤੁਸਾਂ ਸਾਰੇ ਰਾਜੀ ਹੋ? ਮੇਰੇ ਬਾਰੇ ਕਦੇ ਸੋਚਦੇ ਹੋ? ਤੁਸਾਂ ਹਮੇਸ਼ਾ ਮੇਰੀਆਂ ਸੋਚਾਂ'ਚ ਹੁੰਦੇ ਹੋ। ਲਾਡਲਾ ਸ਼ੰਕਰ ਕਿਵੇਂ ਹੈ? ਪਾਪਾ ਤਾਂ ਉਸ ਨਾਲ ਬਹੁਤ ਖ਼ੁਸ਼ ਹੋਣਗੇ? ਸ਼ੰਕਰ ਨੂੰ ਮੇਰੀ ਯਾਦ ਹੈ? ਪਤਾ ਨਹੀਂ ਪਾਪੇ ਨੇ ਕਿਸ ਤਰਾਂ ਦਾ ਅਧਿਆਰਾ ਓਂਕਾਰ ਨਾਲ ਕੀਤਾ, ਪਰ ਓਂਕਾਰ ਨੇ ਉਂਗਲੀ ਵੀ ਨਹੀਂ ਲਾਈ। ਪਤਵੰਤ ਪੁਰਸ਼ ਹੈ, ਪਰ ਬਹੁਤ ਅਜੀਬ ਆਦਮੀ ਵੀ ਹੈ।

ਪਹਿਲੇ ਦਿਨ ਮੈਨੂੰ ਉਸ ਨੇ ਸੰਗਲੀ ਨਾਲ ਬੰਨ੍ਹ ਕੇ ਰੱਖਿਆ! ਮੈਨੂੰ ਬਹੁਤ ਡਰ ਸੀ ਮਾਂ! ਪਰ ਕੁੱਝ ਨਹੀਂ ਕੀਤਾ। ਹਰੇਕ ਦਿਨ ਅਲੋਪ ਹੋ ਜਾਂਦਾ, ਰਾਤ ਦੇ ਆਦਿ ਪਰਤ ਆਉਂਦਾ। ਦੂਜੇ ਦਿਨ ਤੋਂ ਮੈਨੂੰ ਅਜ਼ਾਦ ਕਰ ਦਿੱਤਾ। ਪਰ ਕਿਸ ਤਰ੍ਹਾਂ ਦਾ ਬੰਧਨ ਮੁਕਤ ਹੈ, ਜੇ ਹਾਲੇ ਪਰਵੱਸ ਹੈ। ਛੁਟਕਾਰਾ ਤਾਂ ਦਿੱਤਾ ਨਹੀਂ! ਹਰ ਰੋਜ ਆਵਦੇ ਟ੍ਰੇਲਰ ਨੂੰ ਬੀੜ ਬਣ ਕੋਲੇ ਪਾਰਕ ਕਰਦਾ ਹੈ। ਪਿੰਡਾਂ ਤੋਂ ਦੂਰ। ਹੌਲੀ ਹੌਲੀ ਪੈਸੇ ਦੇਣ ਲੱਗ ਗਿਆ। ਕਦੇ ਕਦਾਈਂ ਚਿਤ ਕਰਦਾ ਬਸ ਫੜ ਕੇ ਤੁਹਾਡੇ ਕੋਲ ਵਾਪਸ ਆ ਜਾਵਾਂ! ਪਰ ਤੁਸੀਂ ਤਾਂ ਹੁਣ ਹੋਰ ਕਿਤੇ ਹੋ। ਅੱਜ ਹੀ ਤੁਹਾਡਾ ਸਿਰਨਾਵਾਂ ਮੈਨੂੰ ਮਿਲਿਆ। ਮਨ ਤਾਂ ਕਰਦਾ ਹੁਣ ਇਹਨੂੰ ਛੱਡ ਕੇ ਵਾਪਸ ਆ ਜਾਵਾਂ। ਪਰ ਮੈਨੂੰ ਸ਼ੱਕ ਇੱਛਾ ਕਰਨੀ ਨਾਲ ਤੁਹਾਨੂੰ ਨਾ ਕੁੱਝ ਹੋ ਜਾਵੇ। ਪਾਪਾ ਜੀ ਅਤੇ ਓਂਕਰ ਨੇ ਜਰੂਰ ਕੋਈ ਇਕਰਾਰ ਕੀਤਾ ਹੋਵੇਗਾ। ਡਰਦੀ ਡਰਦੀ ਮੈਂ ਨਹੀਂ ਹਵਾ ਹੁੰਦੀ। ਪਰ ਇਕ ਹੋਰ ਸੱਚ ਹੈ। ਮਾਂ, ਜਦ ਤੁਸੀਂ ਓਂਕਾਰ ਨੂੰ ਪਹਿਲੀ ਵਾਰ ਤੱਕਿਆ,

ਬਾਬਾ ਜਾਪਦਾ ਸੀ ਨਾ? ਮੈਨੂੰ ਵੀ। ਪਰ ਜੋ ਦਿਨ ਉੱਤੇ ਦਿਨ ਚੜ੍ਹਦਾ ਜਾਂਦਾ ਹੈ, ਇਹ ਵੱਡ ਵਡੇਰੇ ਦਾ ਰੂਪ ਬਦਲੀ ਜਾਂਦਾ, ਜਿਵੇਂ ਕੋਈ ਰੂਪਾਂਤਰਨ ਹੁੰਦਾ ਜਾਂਦਾ ਹੈ! ਬਹੁਤ ਅਜੀਬ ਗੱਲ ਹੈ!

ਰਾਤੀਂ ਜਦ ਮੈਨੂੰ ਤੁਹਾਡਾ ਪਤਾ ਦਿੱਤਾ, ਬੁੱਢੇ ਦੀ ਥਾਂ ਸਾਹਮਣੇ ਹੱਟਾ ਕੱਟਾ ਜਵਾਨ ਬੰਦਾ ਖਲੋਇਆ ਸੀ! ਮੁਖ ਮੁਖਾਰਬਿੰਦ ਹੈ। ਸ਼ਕਲ'ਚ ਕੋਈ ਫਿਲਮ ਦਾ ਤਾਰਾ ਲੱਗਦਾ ਹੈ। ਹਿੱਕ ਚੌੜੀ, ਬਾਹਾਂ ਗਠੀਲਆਂ, ਬੰਦਾ ਤਾਂ ਸਡੌਲ ਹੈ। ਕੁੜਤਾ ਪਤਲਾ ਕਰਕੇ ਉਸ ਦਾ ਫੁਲਾਦ ਢਿੱਡ ਸਾਫ਼ ਦਿਸਦਾ, ਇਕ ਇਕ ਗਿਲ੍ਹਟ ਕੋਲੇ ਵਰਗੇ। ਅੱਖਾਂ ਨਹੀਂ ਬਦਲੀਆਂ।ਅੱਗ ਵਾਂਗ ਕੇਸਰੀ ਹਨ। ਦਾੜ੍ਹੀ ਵੀ ਹਾਲੇ ਉਸ ਤਰ੍ਹਾਂ ਦੀ ਹੈ। ਇਸ ਗੱਲ ਨੂੰ ਮੈਂ ਨਾ ਕਿ ਸਮਝਦੀ ਹਾਂ, ਨਾ ਕਿ ਸਮਝਾ ਸੱਕਦੀ ਹਾਂ। ਜਦ ਵੀ ਵਾਪਸ ਆਉਂਦਾ ਕਪੜੇ ਲੀੜੇ ਤਾਰ ਤਾਰ ਕੇ ਖਰਾਬ ਕੀਤੇ ਹੁੰਦੇ ਨੇ। ਮੇਰੀਆਂ ਨਜ਼ਰਾਂ ਉਸ ਵੱਲ ਵਿੰਨ੍ਹਦੀਆਂ ਹੀ ਹੈਰਾਨ ਹੋ ਜਾਂਦੀਆਂ। ਪਰ ਕੁੱਝ ਨਹੀਂ ਕਹਿੰਦੀ।ਸਮਾਂ ਨਜ਼ਰ ਚੁਰਾਉਂਦੀ ਹਾਂ। ਰਾਤ ਨੂੰ ਹੀ ਵਾਪਸ ਆਉਂਦਾ, ਅਤੇ ਜਦ ਵੀ ਆਉਂਦਾ ਸਾਰੀ ਰਾਤ ਗੱਲਾਂ ਕਰਦਾ ਹੈ। ਵੱਡਾ ਫਿਲਾਸਫ਼ਰ ਹੈ, ਸਾਡਾ ਓਂਕਾਰ! ਕੋਈ ਨਾ ਕੋਈ ਗੱਲ ਜਾਣ ਬੁੱਝ ਕੇ ਛੇੜਦਾ, ਹਸਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਉਂਝ ਦਿਲ ਪਜ਼ੀਰ ਹੈ। ਆਵਾਜ਼ ਰੱਬ ਦੀ ਮੇਰੇ ਨਾਲ ਬੋਲਦੀ ਹੈ। ਮੈਂ ਸੱਚ ਮੁੱਚ ਇਹ ਸਭ ਸੋਚ ਕੇ ਚੱਕਰ ਖਾ ਜਾਂਦੀ ਹਾਂ। ਕੁੱਝ ਅਲੌਕਿਕ ਹੋ ਰਿਹਾ ਹੈ। ਮੇਰੀ ਸਮਝ'ਤੋਂ ਬਾਹਰ ਹੈ।

ਇਕ ਰਾਤ ਜਦ ਘਰ ਆਇਆ (ਟ੍ਰੌਲਰ) ਡੁੱਡ ਮਾਰਦਾ ਸੀ, ਲੱਤ'ਚੋਂ ਲਹੂ ਚੋਂਦਾ ਸੀ। ਮੈਂ ਉਸਨੂੰ ਇਸ ਵਾਰੇ ਆਖਿਆ, 'ਤੇ ਘਬਰਾ ਗਿਆ। ਬਿਕਲ ਕੇ ਉਸਨੇ ਕਿਹਾ, " ਕੁੱਝ ਯਾਦ ਨਹੀਂ"। ਜਦ ਮੈਂ ਪੁੱਛਿਆ, " ਹਸਪਤਾਲ ਜਾਈਏ?", ਉਸਨੇ ਖਿੱਝ ਕੇ ਜਵਾਬ ਦਿੱਤਾ, " ਨਹੀਂ"। ਮੈਨੂੰ ਸਮਝ ਨਹੀਂ ਲੱਗੀ ਕਿਸ ਤਰ੍ਹਾਂ ਦਾ ਬੰਦਾ ਹੈ, ਜਾ ਕੀ ਮੈਤੋਂ ਚਾਹੁੰਦਾ। ਮੈਨੂੰ ਕਿਉਂ ਮੰਗਿਆ? ਵਿਆਹ ਲਈ? ਜਾ ਕੁਝ ਹੋਰ ਗੱਲ ਲਈ? ਹਾਲੇ ਤਕ ਕੋਈ ਬੁਰੀ ਕਾਮੀ ਨਾਲ ਮੈਨੂੰ ਖਹੁਰ ਨਹੀਂ ਦਿੱਤੀ। ਮੈਨੂੰ ਗਿਣ ਮਿਥ ਕੇ ਧਿਜਾਅ ਹੈ, ਮੇਰ ਵੱਲ ਉਸ ਕੋਲ ਕੋਈ ਬੁਰੀ ਨੀਅਤ  ਨਹੀਂ ਹੈ। ਸੱਚ ਹੈ, ਬੰਦਾ ਦਿਲ ਪਜ਼ੀਰ ਹੈ, ਪਰ ਵਿਕਰਾਲ ਵੀ ਹੈ, ਗੈਬੀ ਵੀ ਹੈ। ਜਿਵੇਂ ਤੁਸਾਂ ਵੇਖਿਆ ਸੀ, ਹੁਣ ਨਹੀਂ ਹੈ। ਸਮਝ ਨਹੀਂ ਜੇ ਕੋਈ ਕਾਲ਼ਾ ਇਲਮ ਹੈ, ਪਰ ਹੁਣ ਕੋਈ ਜੰਤਰ ਮੰਤਰ ਨਾਲ਼ ਜਵਾਨ ਕੁਆਰਾ ਜਾਪਦਾ ਹੈ।

ਇਕ ਵਾਰੀ ਮੈਨੂੰ ਬਾਹਰੋਂ ਅਰੜਾਟ ਸੁਣੀ। ਜਦ ਮੈਂ ਬਾਰੀ'ਚੋਂ ਬਾਹਰ ਝਾਕਿਆ, ਸਹੁੰ ਖਾ ਸੱਕਦੀ ਸ਼ੇਰ ਵਰਗਾ ਅਕਾਰ ਸੀ, ਜਿਹੜਾ ਦੂਜੇ ਝਮਾਕੇ ਨਾਲ਼ ਆਦਮੀ ਲੱਗਿਆ! ਖ਼ੌਫਨਾਕ ਸੁਪਨੇ ਵਾਂਗ! ਪਰ ਮੈਂ ਤੁਹਾਨੂੰ ਡਰਾਉਣਾ ਨਹੀਂ ਚਾਹੁੰਦੀ। ਸੱਚ ਹੈ, ਓਂਕਾਰ ਨੇ ਵਾਇਦਾ ਕੀਤਾ ਮੈਨੂੰ ਕੁੱਝ ਨਹੀਂ ਹੋਵੇਗਾ, 'ਤੇ ਕੁੱਝ ਨਹੀਂ ਹੋਇਆ। ਤੁਸਾਂ ਮੇਰਾ ਫਿਕਰ ਕਰਦੇ ਹੋਵੋਗੇ, ਪਰ ਸਭ ਠੀਕ ਠਾਕ ਹੈ। ਸੱਚ ਹੈ ਮੈਂ ਤੁਹਾਨੂੰ ਸਾਰਿਆਂ ਨੂੰ ਮਿਲ਼ਣਾ ਚਾਹੁੰਦੀ ਹੈ। ਆਸ ਹੈ, ਤੁਹਾਡਾ ਨੰਬਰ ਓਂਕਾਰ ਨੂੰ ਮਿਲ ਜਾਵੇ'ਤੇ ਫਿਰ ਫੋਨ 'ਤੇ ਗੱਲ ਬਾਤ ਕਰੂੰਗੀਆਂ।

ਓਂਕਾਰ ਨੇ ਕਿਹਾ ਅਸਾਂ ਪੰਜਾਬ ਚੱਲੇ ਹਾਂ। ਜਦ ਉੱਥੇ ਪਹੁੰਚੇ ਓਂਕਾਰ ਨੇ ਕਿਹਾ ਤੁਸਾਂ ਸਭ ਨੂੰ ਉਸਦੇ ਘਰ ਆਉਣ ਲਈ ਆਮੰਤਰਨ ਦਿਊਂਗਾ। ਹੁਣ ਤੁਹਾਡਾ ਪਤਾ ਹੈ, ਮੈਂ ਤੁਹਾਨੂੰ ਵੀ ਮਿਲ਼ਨ ਆ ਸੱਕਦੀ ਹਾਂ। ਮਾਂ ਮੈਂ ਤੁਹਾਨੂੰ ਸਾਰਿਆਂ ਨੂੰ ਬਹੁਤ ਮਿਸ ਕਰਦੀ ਹਾਂ।

ਤੁਹਾਡੀ ਪਿਆਰੀ ਧੀ, ਸੀਮਾ॥

**ਝ**

ਝੀਲ ਕੋਲ ਟ੍ਰੌਲਰ ਖੜ੍ਹਾ ਸੀ, ਜੰਗਲ ਤੋਂ ਪਹਿਲੀ ਵਾਰੀ ਓਂਕਾਰ ਨੇ ਉਸ ਰਾਤ ਪਰ੍ਹੇ ਪਾਰਕ ਕੀਤਾ। ਸੀਲ ਪੌਣ ਸਾਂ ਸਾਂ ਕਰਦੀ ਸੀ। ਰਾਤ ਸਾਫ਼ ਸੀ, ਇਕ ਕਾਲਾ ਕਾਲਾ ਕਾਗ਼ਜ਼, ਜਿਸ ਉੱਤੇ ਦੀਮਕ ਇਧਰ ਉਧਰ ਖਲੋਤੇ ਸਨ, ਅੱਡੋ ਅੱਡ, ਜਿਵੇਂ ਤਵੇ ਉੱਤੇ ਆਟੇ ਦੇ ਜੱਰੇ ਪਏ ਹੁੰਦੇ ਨੇ। ਚੰਦ ਵੱਡਾ ਸੀ, ਉਸਦੇ ਚਿਹਰਾ ਚਕੋਰਾਂ ਲਈ ਛਾਣ ਮਾਰਦਾ, ਉਸਦਾ ਅਕਸ ਝੀਲ ਉੱਤੇ ਆਵਦੇ ਚਿਲਕਾਰ ਟਿਕਾਉਂਦਾ। ਇਸ ਦੇ ਨਾਲ, ਟ੍ਰੌਲਰ'ਚੋਂ ਬਾਹਰ, ਓਂਕਾਰ ਬੈਠਾ ਸੀ, ਉਸ ਦੇ ਜੰਘ'ਚੋਂ ਲਹੂ ਚੋਂਦਾ, ਸੀਮਾ ਪੱਟੀ ਬੰਨ੍ਹਦੀ। ਓਂਕਾਰ ਅੱਧੋ ਸੁੱਧ ਬੇਪਰਦ ਸੀ। ਸੀਮਾ ਨੇ ਗੋਲੀ ਬਾਰੇ ਆਖਿਆ, ਪਰ ਜਵਾਬ ਇਕੋ ਹੀ ਦਿੱਤਾ, " ਕੁੱਝ ਯਾਦ ਨਹੀਂ, ਕੁੱਝ ਯਾਦ ਨਹੀਂ..."। ਇਸ ਮਾਜਰੇ ਬਾਰੇ ਮਾਂ ਨੂੰ ਸੀਮਾ ਨੇ ਖ਼ਤ ਵਿਚ ਪਤਾ ਦਿੱਤਾ ਸੀ। ਪਾਣੀਓ ਪਾਣੀ ਹੋਇਆ ਸੀ, ਪਰ ਫਿਰ ਵੀ ਸੀਮਾ ਨੂੰ ਬਾਹਰ ਰੱਖਦਾ ਸੀ। ਚਸਕਦਾ ਜਖਮ ਗਪੀ ਤੋਂ ਮਿਲਿਆ ਸੀ। ਠੀਕ ਹੋ ਲੈਣ ਦੇ, ਸੀਮਾ ਨੇ ਸੋਚਿਆ, ਫਿਰ ਘੋਖ ਕਰੂੰਗੀ।

*				*				*				*				*

ਕੁੱਝ ਦਿਨ ਬਾਅਦ...

ਓਂਕਾਰ: ਚਿੱਠੀ ਭੇਜ ਦਿੱਤੀ ਸੀ?

ਸੀਮਾ: ਹਾਂ ਜੀ। ਤੁਹਾਨੂੰ ਫੋਨ ਨੰਬਰ ਮਿਲ ਗਿਆ?

ਓਂਕਾਰ: ਆਹੋ। ਐ ਲੈ।

ਸੀਮਾ। ਥੈਂਕ ਯੂ। ( ਦੋਨੋਂ ਬਿੰਦ ਲਈ ਗੁੰਗੇ ਹੋ ਗਏ)

ਓਂਕਾਰ: ਅੱਜ ਕੀ ਕੀਤਾ।

ਸੀਮਾ: ਮੈਡੀਕਲ ਪਦਾਰਥਾਂ ਲੈਣ ਗਈ

ਓਂਕਾਰ: ਕਿਉਂ?

ਸੀਮਾ: ਪੁੱਛਦੇ "ਕਿਉਂ"? ਤੁਹਾਡੀ ਲੱਤ ਕਰਕੇ। ਕਦੋਂ ਡਾਕਟਰ...

ਓਂਕਾਰ: ਨਹੀਂ!

ਸੀਮਾ: ਮੈਨੂੰ ਹੋਰ ਸਹਾਰ ਨਹੀਂ ਹੁੰਦਾ। ਗੋਲੀ ਕਿਵੇਂ...

ਓਂਕਾਰ: ਤੈਨੂੰ ਮੈਂ ਕਿਹਾ ਹੈ, ਹੌਲੀ ਹੌਲੀ। ਹਾਲੇ ਮੈਂ ਤਿਆਰ ਨਹੀਂ ਹਾਂ..

ਸੀਮਾ: ਮੈਂ ਤਿਆਰ ਹਾਂ..ਥੋੜ੍ਹਾ ਜਿਹਾ ਤਾਂ ਦੱਸੋ.. ਜਰਾ ਕੁ ਇਤਬਾਰ ਕਰੋ..ਸੋਚੋ, ਮੈਨੂੰ ਤੁਸਾਂ ਮਾਂ ਪਿਓ ਤੋਂ ਦੂਰ ਲੈ ਕੇ ਆਏ, ਮੈਨੂੰ ਵੀ ਤੁਹਾਡੇ'ਤੇ ਸਿਦਕ ਰੱਖਣਾ ਪੈਂਦਾ ਹੈ ਨਾ?

( ਸੰਨਾਟਾ ਛਾ ਗਿਆ)।

ਓਂਕਾਰ: ਸੀਮਾ ਤੂੰ ਬਹੁਤ ਸਮਝਦਾਰ ਲੜਕੀ ਏਂ। ਪਰ ਕੋਈ ਗੱਲਾਂ ਤਰਕਸ਼ੀਲ ਨਹੀਂ ਹਨ। ਮੰਡਣ ਪੁੱਠਾ ਕਰ ਦਿੰਦੀਆਂ।ਭੂਤ ਪ੍ਰੇਤ ਜਾ ਪਰੀਆਂ ਨੂੰ ਮੰਨਦੀ ਐਂ?

ਸੀਮਾ: ਤੁਹਾਡੇ ਨਾਲ਼ ਰਹਿਕੇ ਲਾਹੌਰ ਵੇਖਣ ਦੀ ਕੋਈ ਲੋੜ ਨ੍ਹੀਂ। ਮੈਨੂੰ ਕਈ ਅਜੀਬ ਚੀਜ਼ਾਂ ਨਜ਼ਰ ਆਈਆਂ ਨੇ।

ਓਂਕਾਰ: ਆਵਦੇ ਦਿਲ ਵਿੱਚ ਤੂੰ ਦਰਅਸਲ ਕੀ ਮੰਨਦੀ ਐਂ? ਰੱਬ ਨੂੰ, ਜਾਂ ਇਨਸਾਨ ਨੂੰ?

ਸੀਮਾ: ਲੱਗਦਾ ਇਕ ਬਾਰ ਫਿਰ ਅਸਲੀ ਗੱਲ ਉੱਤੋ ਘੁੰਡ ਕੱਢਣ ਲੱਗੇ ਹੋ।

ਓਂਕਾਰ: ਰੱਬ'ਚ ਨੁਕਸ ਲੱਭਣਾ ਔਖਾ ਹੈ, ਪਰ ਆਦਮੀ'ਚ ਖਾਮੀ, ਗੜਬੜ, ਧਰਮ ਦੀਨ'ਚ...

ਸੀਮਾ: ਇਸ ਦਾ ਗੋਲੀ ਖਾਣ ਨਾਲ ਕੀ ਮਤਲਬ ਹੈ?

ਓਂਕਾਰ: ਐ ਮੇਰੀ ਦੁਨੀਆ ਹੈ। ਮੇਰੀ.. ਓਂਕਾਰ-ਜਗਤ, ਚਲਾ ਚਲੀ ਦਾ ਮੇਲਾ, ਪਰ ਮੇਰਾ ਮੇਲਾ, ਨਾ ਤੇਰੇ ਨਾ ਕਿਸੇ ਹੋਰ ਦਾ। ਹਾਸੋ-ਹੀਣਾ, ਮੇਰੇ ਲਈ, ਤੇਰੇ ਲਈ, ਦੇਵ ਲੋਕ ਲਈ , ਨਰਕ ਲਈ ਵੀ, ਸਭ ਕੁੱਝ ਹਵਾਈ ਕਿਲੇ। ਹਰੇਕ ਬੰਦਾ ਖਾਕ ਹੈ, ਬਸ ਐਸਾ ਵੈਸਾ...

ਸੀਮਾ: ਤੁਸਾਂ ਪਾਗਲ ਹੋ ਗਏ? ਕੀ ਬੋਲ ਰਹਿ ਹੋ? ਤੇ ਸਿਰ ਪੈਰ ਗੱਲਾਂ ਕਰਦੇ ਹੋ।

( ਚੁੱਪ..ਬਹੁਤ ਦੇਰ ਲਈ)।

ਓਂਕਾਰ: ਸੀਮਾ ਮੇਰੀ ਜ਼ਿੰਦਗੀ ਇਕ ਫਾਲਤੂ ਸਫ਼ਰ ਹੈ, ਪੈਂਡਾ ਪੈਣਾ...ਖੇਰ ਇਧਰ ਉਧਰ ਜਾਂਦਾ, ਬਹੁਤ ਬੋਲਦਾ ਬਕਦਾ, ਬੇਮਤਲਬ। ਪਰ ਇਸ ਬਾਰੇ ਮੈਨੂੰ ਕੋਈ ਖਿਝ ਨਹੀਂ, ਕਿਉਂਕਿ ਆਮ ਲੋਕਾਂ ਲਈ ਵੀ ਜੀਵਨ ਇੱਦਾਂ ਦਾ ਹੀ ਹੈ। ਬੱਸ ਉੱਠਣ ਤੋਂ ਪਹਿਲਾਂ ਇਕ ਭਾਵਮਈ ਸੁਕਿਰਤ ਕਰਨਾ ਚਾਹੁੰਦਾਂ।

ਸੀਮਾ: ਸਮਝ ਗਈ। ਮੈਨੂੰ ਤੁਸਾਂ ਆਵਦੇ ਹਿਸਾਬ ਨਾਲ ਬਾਪੂ ਦੇ ਹੱਥਾਂ ਤੋਂ ਬਚਾਇਆ। ਇਸ ਵਿਚ ਰੱਬ ਦਾ ਹੱਥ ਨਹੀਂ, ਤੁਹਾਡਾ ਹੈ। ਮੈਨੂੰ ਲੱਗਦਾ ਤੁਸਾਂ ਰੱਬ ਨੂੰ ਮੰਨਦੇ ਨਹੀਂ...

ਓਂਕਾਰ: ਮੈਨੂੰ ਕੋਈ ਸਮਝ ਨਹੀਂ ਕੇ ਰੱਬ ਨੂੰ ਮੰਨਦਾਂ ਹਾਂ ਜਾਂ ਆਦਮੀ ਨੂੰ। ਕਦੇ ਰੱਬ ਗਲਤ ਲੱਗਦਾ, ਕਦੇ ਬੰਦਾ। ਇਕ ਚੀਜ਼ ਪੱਕੀ ਏ, ਜੋ ਵੀ ਗਲਤ ਹੁੰਦਾ ਜਾਂ ਕਰਦਾ, ਬੰਦਾ ਹੀ ਕਰਦਾ... ਕਿਉਂਕਿ ਮੈਂ ਲੋਕਾਂ ਤੋਂ ਆਪਨੂੰ ਦੂਰ ਰੱਖਿਆ, ਅਟੰਕ ਰਿਹਾਂ, ਮੈਂ ਖੁਦ ਛਲੈਡਾਂ'ਚ ਗੁਜ਼ਰ ਦਾ। ਆਵਦੇ ਖਾਬਾਂ'ਚ

ਕੈਦ ਹਾਂ। ਪਰ ਮੈਂ ਹਾਲੇ ਰੱਬ ਦੀ ਗੋਦ ਵਿਚ ਜਾਣ ਨੂੰ ਤਿਆਰ ਨਹੀਂ ਹਾਂ, ਜੇ ਰੱਬ ਹੈ ਵੀ ਐ। ਰੱਬ ਨੂੰ ਸਮਝਣ ਲਈ ਐਸਾਨਾਂ'ਚੋਂ ਫੜ੍ਹਨਾ ਚਾਹੁੰਦਾ ਹਾਂ। ਅਗੋਰਚ ਰੱਬ'ਚ ਨਹੀਂ ਮੰਨ ਸਕਦਾਂ। ਕਾਹਤੋਂ ਆਪ ਨੂੰ ਧੁੰਧ ਪਿੱਛੇ ਲੁਕਾਉਣਾ? ਕਾਹਤੋਂ ਅਧੀਆਂ ਤੋੜੀਆਂ ਆਸਾਂ ਪਿੱਛੇ ਲੁਕਿਆ ਹਾਂ?

ਸੀਮਾ: ਇਕ ਪਾਸੇ ਤੁਸਾਂ ਨੂੰ ਆਦਮੀ ਜਾਨਵਰ ਤੋਂ ਕੁੱਝ ਨਹੀਂ ਦਿਸਦਾ। ਹੁਣ ਰੱਬ ਤੋਂ ਜੁਆਬ ਮੰਗਦੇ ਹੋ।

ਓਂਕਾਰ: ਇਹ ਗੱਲ ਨਹੀਂ। ਤੂੰ ਰੱਬ'ਚ ਮੰਨਦੀ eੇੇ? ਕਈ ਲੋਕ ਉਸ'ਤੇ ਵਿਸ਼ਵਾਸ ਕਰਦੇ ਨੇ। ਪਰ ਮੈਂ ਉਨ੍ਹਾਂ ਲੋਕਾਂ ਵਿਚ ਕਿਵੇਂ ਭਰੋਸਾ ਕਰ ਸਕਦਾ ਹਾਂ ਜੇ ਖੁਦ ਵਿਚ ਕੋਈ ਇਤਕਾਦ ਨਹੀਂ? ਅੰਧਵਿਸ਼ਵਾਸ ਦਾ ਕੀ ਫੈਦਾ ਏ? ਸਾਡੇ'ਚੋਂ ਜਿਹੜੇ ਮੰਨਣਾ ਚਾਹੁੰਦੇ, ਪਰ ਮੰਨ ਨਹੀਂ ਸਕਦੇ, ਉਨ੍ਹਾਂ ਦਾ ਕੀ ਹੋਵੇਗਾ? 'ਤੇ ਜਿਹੜੇ ਨਹੀਂ ਮੰਨਣਾ ਚਾਹੁੰਦੇ, ਜਾਂ ਮੰਨ ਸਕਦੇ ਨਹੀਂ? ਮੈਨੂੰ ਇਮਾਨ ਨਹੀਂ ਚਾਹੀਦਾ। ਨਹੀਂ ਚਾਹੀਦਾ। ਮੈਨੂੰ ਆਤਮ ਗਿਆਨ ਚਾਹੀਦਾ, ਸਭ ਕੁੱਝ ਵਾਰੇ ਸਮਝ। ਕਿਉਂ? 'ਤੇ ਜੇ ਰੱਬ ਨਹੀਂ ਲੰਬੀ ਬਾਂਹ ਕਰਕੇ ਮੈਨੂੰ ਫੜ੍ਹ ਕੇ ਦੱਸਦਾ, ਫਿਰ ਬੰਦਾ ਹੀ ਰਿਹਾ ਨਾ? ਕੇਵਲ ਬੰਦਾ। ਆਸ ਪਾਸ ਸਾਨੂੰ ਆਦਮੀ ਦਾ ਇਮਲ ਦਿੱਸਦਾ ਹੈ। ਸਿਤਮੀ ਆਦਮੀ, ਪਾਪੀ ਆਦਮੀ, ਲਾਲਚੀ ਆਦਮੀ। ਮਾਇਆ ਦਾ ਗਹਾਕ। ਜੇ ਮੌਤ ਤੋਂ ਬਾਅਦ ਕੁੱਝ ਨਹੀਂ, ਫਿਰ ਇਹ ਸਖ਼ਤ ਜ਼ਿੰਦਗੀ ਕਟਣ ਦਾ ਕੀ ਫੈਦਾ? ਜੀਵਨ ਤਾਂ ਇਕ ਹੈਬਤ ਦਰੋਗ ਹੈ। ਝੂਠ।

ਸੀਮਾ: ਜੇ ਰੱਬ'ਚ ਨਹੀਂ ਮੰਨਦੇ, ਇਨਸਾਨ'ਚ ਮੰਨੋ।

ਓਂਕਾਰ: ਬਾਹਰ ਬਾਰੀ'ਚੋਂ ਭਾਰਤ ਵੱਲ ਵੇਖਿਆ? ਇਸ ਦੁਨੀਆ ਕਰਕੇ ਮੇਰੇ ਉੱਤੇ ਇਕ ਸਰਾਪ, ਇਕ ਲਾਹਨਤ ਪਈ ਏ। ਕਈ ਬਾਰ ਮੈਂ ਵੇਖਦਾਂ, ਤੂੰ ਕਿਵੇਂ ਮੇਰੀਆਂ ਅੱਖਾਂ ਵੱਲ ਝਾਕਦੀ। ਸਰਾਪ ਦੀ ਵਜ੍ਹਾ ਹੈ।

(ਖਮੋਸ਼ੀ)

ਸੀਮਾ: ਚੱਲ ਦਸੋ...॥

**ਵ**

"ਵਿਆਨੇ ਬੋਲੈ ਆਪੇ ਬੂਝੈ,
  ਆਪੇ ਸਮਝੈ ਆਪੇ ਸੂਝੈ॥"

*                    *                    *                    *                    *

ਕਿਉਂ, ਕਿਵੇਂ, ਕਦੋਂ ਇੱਥੇ ਆਇਆਂ? ਸੱਚ ਮੁੱਚ ਮੇਰੀ ਸਮਝ'ਚ ਨਹੀਂ ਸੀ। ਆਗਮ ਕਿੱਥੇ ਸੀ? ਗਿਆਨ ਗੋਸ਼ਟ ਮੇਰੇ ਨਾਲ਼ ਨਹੀਂ ਹੋਈ। ਮੈਂ ਤਾਂ ਬੋਲ ਵੀ ਨਹੀਂ ਸੱਕਦਾ। ਸਿਰਫ਼ ਘੁਰਕ ਸਕਦਾ ਹਾਂ। ਧਿਆਨ ਆਗਮ ਵੱਲ ਨਹੀਂ ਹੈ, ਕੇਵਲ ਹਾੜਬਾ ਵੱਲ। ਪੇਟ ਦੀ ਅੱਗ ਸਮਝਦਾ ਸਾਂ, ਸਮਝਦਾ ਹਾਂ। ਤੇਜ਼ ਤੇਜ਼ ਕਦਮ ਪੁੱਟਦਾ ਸ਼ਿਕਾਰ ਟੋਲਦਾ ਹਾਂ। ਕੇਵਲ ਭੁੱਖ ਬੋਲੇ, ਸਿਰਫ਼ ਭੁੱਖ ਸੁੱਝੇ। ਜੰਗਲ ਵਿਚ ਸ਼ਿਕਾਰ ਨੇੜੇ ਤੇੜੇ ਹੋਵੇਗਾ। ਹਰਨ, ਸੂਰ ਜਾਂ ਚੂਚਾ। ਖੋਹ ਖਾ ਗਈ, ਮੈਨੂੰ। ਹਰ ਰੋਜ ਇਵੇਂ ਸੀ। ਹਰ ਰੋਜ ਜੰਗਲ ਬਿਗਾਨਾ ਸੀ। ਓਪਰਾ ਥਾਂ। ਭੁੱਖ ਮਾਰਨ ਲਈ ਕੁੱਝ ਮਾਰਨਾ ਪੈਂਦਾ ਸੀ। ਹੋਰ ਕੀ ਸਮਝਣਾ?

ਨੱਕ ਆਵਦਾ ਉਪਰ ਕਰਕੇ ਸੁੰਘਦਾ ਸਾਂ। ਪਵਨ ਨੇ ਮੇਰੇ ਵੱਲ ਇਕ ਮਾਰ ਦੀ ਮਹਿਕ ਲਿਆਂਦੀ। ਖ਼ੁਸ਼ਬੂ ਨੂੰ ਆਵਦੇ ਮੰਨ ਵਿਚ ਖਾ ਗਿਆਂ। ਹਵਾ ਮਗਰ ਤੁਰ ਪਿਆਂ, ਹਰਨ ਦੀ ਉਡੀਕ'ਚ। ਕਾਹਲੇ ਕਾਹਲੇ ਕਦਮੀਂ ਘੁੰਮਕੇ ਸ਼ਿਕਾਰ ਵੱਲ ਨੱਸਿਆਂ। ਪਵਨ ਨੇ ਮੈਨੂੰ ਉਸ ਹਰਨ ਦੇ ਕੋਲ ਲਿਆ ਕੇ ਖੜ੍ਹਾ ਕਰ ਦਿੱਤਾ। ਲੰਬੇ ਲੰਬੇ ਝਾਟਲਿਆਂ ਪਿੱਛੇ ਲੁੱਕਆਿ ਸਾਂ। ਆਪਨੂੰ ਉਰਾਂਹ ਪਰ੍ਹਾਂ ਕਰਕੇ, ਅੱਖਾਂ ਹਰਨ ਵੱਲ ਵਿੰਨ੍ਹਦੀਆਂ ਸਨ। ਮੇਰੀਆਂ ਭੁੱਖੀਆਂ ਅੱਖਾਂ। ਹਰਨ ਦੇ ਕੰਨ ਖਲੋਤੇ, ਉਸ ਨੂੰ ਸ਼ੱਕ ਸੀ। ਮੇਰੇ ਸਾਹ ਹੌਲੇ ਹੋ ਗਏ। ਉਸਨੂੰ ਮਹਿਸੂਸ ਸੀ, ਕਿ ਕੁੱਝ ਸੇ ਲਾਉਂਦੀ ਸੀ। ਮੈਂ ਛਹੀ'ਚ ਤਿਆਰ ਸੀ। ਹਰਨ ਦੇ ਹੱਡਾਂ ਨੂੰ ਕਾਂਬਾ ਛਿੜ ਗਿਆ, ਮੁੜ੍ਹਕੋ ਮੁੜ੍ਹਕੀ ਹੋਇਆ ਸੀ। ਉਸ ਨੂੰ ਪਤਾ ਨਾ ਲੱਗੇ ਮੈਂ ਕਿੱਥੇ ਹਾਂ, ਅਤੇ ਕਿਸ ਪਾਸੇ ਨੂੰ ਨੱਠਾਂ। ਮੇਰੀ ਕਿਸਮਤ ਸੀ ਕਿ ਪਵਨ ਨੇ ਉਸਦੀ ਮਦਦ ਨਹੀਂ ਕੀਤੀ। ਹਰਨ ਦੇ ਆਲੇ ਦੁਆਲੇ ਰੁੱਖ ਜੇਲ੍ਹ ਦੀਆਂ ਸਲਾਖ਼ਾਂ ਵਾਂਗ ਸਨ। ਆਸ ਪਾਸ ਦੇਖਦਾ, ਉਸਨੂੰ ਘਾਹ ਹੀ ਘਾਹ ਦਿਸਦਾ ਸੀ। ਉਸਨੇ ਚੁੰਗੀ ਮਾਰੀ ਅਤੇ ਮੇਰੇ ਸੱਜੇ ਪਾਸੇ ਗਿਆ। ਪਰ ਮੈਂ ਤਾਂ ਉਸ ਤੋਂ ਤੇਜ਼ ਸਾਂ। ਸਬਜ਼ਾਂ'ਚੋਂ ਮੈਂ ਚੌਂਕੜੀ ਭਰੀ, ਪਰ ਇਕ ਅਵਾਜ਼ ਮੇਰੇ ਕੰਨੀ ਪਈ, ਜਿਸ ਨੇ ਮੈਨੂੰ ਵੀ ਡਰਾ ਦਿੱਤਾ। ਮੇਰੀ ਛਹੀ ਸਹੀ ਨਹੀਂ ਹੋਈ। ਭਾਲ ਦੌੜ ਗਿਆ। ਮੈਂ ਧਰਤੀ ਉੱਤੇ ਡਿੱਗ ਪਿਆਂ। ਉਸ

ਪੱਲ ਵਿਚ ਲੱਤ ਨੂੰ ਅੱਗ ਲੱਗੀ, ਮਾਸ ਗਰਮ ਪੀੜ੍ਹ ਨਾਲ਼ ਦੱਝ ਗਿਆ। ਮੈਂ ਵਾਪਸ ਖੜੋਤਾ। ਹੈਰਾਨ, ਪੈਰਾਂ ਹੇਠਲੀ ਜ਼ਮੀਨ ਹੀ ਖਿਸ਼ਕ ਗਈ। ਮੈਂ ਜਿਥੋਂ ਆਵਾਜ਼ ਆਈ ਸੀ, ਝਾਕਿਆ।

ਚਾਰ ਜਾਂ ਪੰਜ ਬਾਂਦਰ ਬਣਮਾਣਸ ਵਰਗੇ ਜਾਨਵਰ ਮੇਰੇ ਵੱਲ ਦੌੜਦੇ ਸਨ। ਅਜੀਬ ਸਨ, ਪਿੰਡਿਆਂ'ਤੇ ਵਾਲ ਨਹੀਂ ਸਨ, ਅਤੇ ਆਵਦੇ ਪਿੱਛੇ ਪੈਰਾਂ'ਤੇ ਨੱਠਦੇ ਸਨ। ਸਰੀਰ ਉੱਤੇ ਰੰਗੀਲੇ ਖੱਲ ਸਨ, ਮੇਰੇ ਵੱਲ ਛਮਕ ਵੱਧਾਉਂਦੇ ਸੀ, ਜਿਸ ਵਿਚੋਂ ਖੜਕਾ ਦੜਕਾ ਆਉਂਦਾ ਸੀ। ਮੇਰੇ ਮਾਸ'ਚੋਂ ਖ਼ੂਨ ਨਿਕਲਦਾ ਸੀ। ਹੁਲੜ ਤੋਂ ਡਰਕੇ ਮੈਂ ਤਿੱਤਰ ਹੋ ਗਿਆਂ।

ਮੈਨੂੰ ਕੋਈ ਵੀ ਸਮਝ ਨਾ ਆਈ। ਕਮਾਲ ਦੀ ਗੱਲ! ਅੱਜ ਤੱਕ ਮੈਂ ਕਦੇ ਨਹੀਂ ਬਾਂਦਰ ਤੋਂ ਡਰਕੇ ਭੱਜਿਆ! ਪਰ aਨ੍ਹਾਂ ਦੇ ਟਾਹਣੀਆਂ'ਚੋਂ ਕੁੱਝ ਭੂਤ ਨੇ ਮੇਰੀ ਲੱਤ ਤੇ ਦੰਦੀ ਵੱਢੀ। ਸੀਰ ਫੁੱਟਦੀ, ਟੰਗ ਦੁੱਖਦੀ, ਮੈਂ ਹੁਣ ਨੱਠ ਨਹੀਂ ਸੱਕਦਾ ਸੀ। ਜੰਘ ਉੱਤੇ ਜਖਮ, ਫੱਟੜਿਆ ਤੁਰਦਾ ਸਬਜ਼'ਚ ਲੁੱਕ ਗਿਆਂ। ਕੋਈ ਸਮਝ ਨਹੀਂ ਸੀ। ਲੱਤ ਦੁਖੇ। ਹਰਨ ਤਾਂ ਮੇਰੇ ਕਾਬੂ ਆਇਆ ਨਹੀਂ। ਚਿਤ ਕਰਦਾ ਸੀ ਉਨ੍ਹਾਂ ਬਾਂਦਰਾਂ ਨੂੰ ਵੱਢਦਾਂ! ਪਰ ਜਦ ਸੋਚਿਆ ਕਿਵੇਂ ਟਾਹਣੀ ਨੇ ਮੇਰੇ ਵੱਲ ਅੱਗ ਥੁੱਕੀ, ਕਿਵੇਂ ਉਸ ਕਰਕੇ ਹੁਣ ਲੰਙ ਮਾਰਦਾ, ਭੁੱਖਾ, ਡਰ ਨਾਲ਼ ਚੁੱਪ ਚਾਪ ਥਾਈਂ ਬੈਠ ਗਿਆਂ। ਹੁਣ ਮਾਸ ਮਿਲਨਾ ਔਖਾ ਹੋਵੇਗਾ। ਪਰ ਕੁੱਝ ਚੀਜ਼ ਨੂੰ ਤਾਂ ਮਾਰਨਾ ਪਵੇਗਾ। ਪਰ ਇਹ ਬਾਂਦਰ ਮੇਰਾ ਸ਼ਿਕਾਰ ਕਰ ਰਹੇ ਹਨ!

ਬੱਚ ਬੱਚ ਕੇ ਸ਼ਿਕਾਰ ਕਰਨਾ ਪਵੇਗਾ। ਬਿੰਦ ਲਈ ਹਰਨ ਲਈ ਤਰਸ ਆਇਆ। ਪਰ ਹੌਲੀ ਹੌਲੀ ਭੁੱਖ ਨੇ ਰਹਿਮ ਪਰ੍ਹਾਂ ਕਰ ਦਿੱਤਾ। ਹੁਣ ਫਿਰ ਸ਼ਿਕਾਰ ਕਰਨ ਗਿਆਂ, ਲੰਙ ਮਾਰਦਾ।

ਞਿਆਣੋ ਨਹੀਂ ਬੋਲਦਾ, ਆਪੇ ਨਹੀਂ ਬੂਝੈ,
ਨਹੀਂ ਸਮਝੈ, ਨਹੀਂ ਸੂਝੈ॥